੧ ੴ ਵਾਹਿਗੁਰੂ ਜੀ ਕੀ ਫਤਹ ॥

# ਨਵੇਂ ਤਖ਼ਤ ਬਾਰੇ ਵਿਚਾਰ

ਲੇਖਕ ਤੇ ਪ੍ਰਕਾਸ਼ਕ –

ਗਿਆਨੀ ਪ੍ਰਤਾਪ ਸਿੰਘ

ਸਾਬਕ ਜਥੇਦਾਰ ਸ੍ਰੀ ਅਕਾਲ ਤਖ਼ਤ ਤੇ ਅਨੰਦ ਪੁਰ ਸਾਹਿਬ

ਐਡੀਟਰ ਗਿਆਨ ਅੰਮ੍ਰਿਤ ਅੰਮ੍ਰਿਤਸਰ

ਮਿਲਣ ਦਾ ਪਤਾ–

ਦਰਬਾਰ ਪ੍ਰਿੰਟਿੰਗ ਪ੍ਰੈਸ, ਚੌਕ ਘੰਟਾ ਘਰ

ਅੰਮ੍ਰਿਤਸਰ

ਕੀਮਤ ੫੦ ਪੈਸੇ

Digitized by Panjab Digital Library | www.panjabdigilib.org

# ਮੁਢਲੀ ਬੇਨਤੀ

ਖਾਲਸਾ ਪੰਥ ਦੇ ਇਤਿਹਾਸ, ਅਰਦਾਸ, ਰਵਾਇਤਾਂ, ਅਕਾਲੀ ਲਹਿਰ ਦੀਆਂ ਸ਼ਾਨਦਾਰ ਕੁਰਬਾਨੀਆਂ ਦੇ ਬਾਹਦ ੧੯੨੫ ਵਿਚ ਬਣੇ ਗੁਰਦਵਾਰਾ ਐਕਟ ਤੇ ਸ਼ਰੋਮਣੀ ਕਮੇਟੀ ਦੀ ਪਾਸ ਕੀਤੀ ਹੋਈ 'ਰਹਿਤ ਮਰਯਾਦਾ' ਅਨੁਸਾਰ ਚਾਰ ਤਖਤ ਮੰਨੇ ਗਏ ਹਨ। ਪਰ ਕੁਝ ਚਿਰ ਤੋਂ ਕੁਝ ਸਜਨ ਦਮਦਮਾ ਸਾਹਿਬ(ਸਾਬੋਕੀ ਤਲਵੰਡੀ) ਨੂੰ ਨਵਾਂ ਤਖਤ ਬਨਾਉਣ ਦਾ ਬਿਅਰਥ ਜਤਨ ਕਰ ਰਹੇ ਹਨ। ਉਨ੍ਹਾਂ 'ਚੋਂ ਇਕ ਗਿ: ਗੁਰਦਿਤ ਸਿੰਘ ਐਡੀਟਰ 'ਪ੍ਰਕਾਸ਼' ਚੰਡੀ ਗੜ੍ਹ ਹਨ।

ਅਸੀਂ ਇਸ ਬਾਰੇ ਗਿਆਨ ਅੰਮ੍ਰਿਤ ਮਈ ੧੯੬੩ ਤੋਂ ਲੈ ਕੇ ਜੂਨ ੧੯੬੪ ਦੇ ਪਰਚਿਆਂ ਵਿਚ ਗਿ: ਗੁਰਦਿਤ ਸਿੰਘ ਵਲੋਂ ਦਿਤੀਆਂ ਗਈਆਂ ਮਨਘੜਤ ਦਲੀਲਾਂ ਦਾ ਉਤਰ ਦਿਤਾ ਸੀ। ਦੋ ਸਾਲ ਬਾਹਦ ਨਵੰਬਰ ੧੯੬੫ ਵਿਚ ਸ਼ਰੋਮਣੀ ਕਮੇਟੀ ਦੇ ਗੁ: ਗਜ਼ਟ ਵਿਚ ਗਿਆਨੀ ਗੁਰਦਿਤ ਸਿੰਘ ਦੀ ਇਕ ਪੱਖੀ, ਇਕ ਪੁਤਖੀ ਤੇ ਆਪਾ ਵਿਰੋਧੀ ਰਪੋਰਟ ਪ੍ਰਕਾਸ਼ਤ ਕੀਤੀ ਗਈ। ਜਿਸ ਦਾ ਅਸੀਂ ਫਿਰ ਉਤਰ ਦਿਤਾ। ਇਸ ਟ੍ਰੈਕਟ ਵਿਚ ਉਹ ਸਾਰਾ ਮੈਟਰ, ਇਤਿਹਾਸਕ ਲਿਖਤਾਂ, ਪ੍ਰਸਿਧ ਵਿਦਵਾਨਾਂ, ਸ੍ਰੀ ਅਕਾਲ ਤਖਤ ਦੇ ਸਾਬਕ ਜਥੇਦਾਰ ਸਾਹਿਬਾਨ ਤੇ ਪ੍ਰੋਫੈਸਰ ਸਤਬੀਰ ਸਿੰਘ ਮੈਂਬਰ ਪੜਤਾਲੀਆ ਕਮੇਟੀ ਦੀਆਂ ਰਾਵਾਂ ਦਰਜ ਹਨ। ਜਿਨ੍ਹਾਂ ਤੋਂ ਸਪਸ਼ਟ ਹੈ ਕਿ ਪੰਥ ਦੇ ਚਾਰ ਹੀ ਤਖਤ ਹਨ। ਕਿਸੇ ਅਸਥਾਨ ਨੂੰ ਨਵਾਂ ਤਖਤ ਬਨਾਉਣਾ ਪੰਥ ਵਿਚ ਇੰਤਸ਼ਾਰ ਪੈਦਾ ਕਰਨਾ ਹੈ।

ਪਾਠਕ ਤੇ ਸੰਸਥਾਵਾਂ ਇਸ ਟਰੈਕਟ ਨੂੰ ਗਹੁ ਨਾਲ ਪੜ੍ਹ ਕੇ ਵਿਚਾਰਨ ਤੇ ਆਪਣੀਆਂ ਰਾਵਾਂ ਸ਼ਰੋਮਣੀ ਕਮੇਟੀ ਤੇ ਪੰਜਾਬ ਸਰਕਾਰ ਨੂੰ ਭੇਜਣ।

ਚੌਂਕ ਟਾਹਲੀ ਵਾਲਾ
ਸਰਵਰ ਪੁਰਾ ਅੰਮ੍ਰਿਤਸਰ
੫-੬-੬੬

ਸੰਗਤਾਂ ਦਾ ਸੇਵਕ—
ਪ੍ਰਤਾਪ ਸਿੰਘ ਗਿਆਨੀ
ਐਡੀਟਰ ਗਿਆਨ ਅੰਮ੍ਰਿਤ

Digitized by Panjab Digital Library | www.panjabdigilib.org

੧ ਓ ਸਤਿਗੁਰ ਪ੍ਰਸਾਦਿ ॥

੧.

# ਨਵੇਂ ਤਖ਼ਤ ਬਾਰੇ ਵਿਚਾਰ

ਪਿਛਲੇ ਕੁਝ ਸਾਲਾਂ ਤੋਂ ਕੁਝ ਸਜਣਾਂ ਵਲੋਂ ਇਹ ਬਹਿਸ ਚਲਾਈ ਗਈ ਕਿ ਗੁਰਦਵਾਰਾਂ ਦਮਦਮਾ ਸਾਹਿਬ ਸਾਬੋਕੀ ਤਲਵੰਡੀ ਨੂੰ ਤਖਤ ਬਣਾਇਆ ਜਾਵੇ। ਇਸ ਸਬੰਧੀ ਸ਼ਰੋਮਣੀ ਕਮੇਟੀ ਨੇ ਮਤਾ ਨੰ: ੨੨੩ ਮਿਤੀ ੨੩-੧੧-੬੨ ਅਨੁਸਾਰ ਦਮਦਸਾ ਸਾਹਿਬ ਤਖਤ ਹੈ ਕਿ ਨਹੀਂ, ਦੀ ਪੜਤਾਲ ਲਈ ਇਕ ਸਬ ਕਮੇਟੀ ਬਣਾਈ, ਜਿਸ ਦੇ ਮੈਂਬਰ ਸਨ-ਗਿਆਨੀ ਗੁਰਦਿਤ ਸਿੰਘ ਐਡੀਟਰ 'ਪ੍ਰਕਾਸ਼' ਅਤੇ ਪਰੋਫੈਸਰ ਸਤਬੀਰ ਸਿੰਘ ਐਮ. ਏ. ।

ਸੰਨ ੧੯੬੩ ਦੀ ਵਿਸਾਖੀ ਤੇ ਗੁਰਦਵਾਰਾ ਦਮਦਮਾ ਸਾਹਿਬ ਸਾਬੋਕੀ ਤਲਵੰਡੀ ਦੇ ਇਕ ਦੀਵਾਨ ਵਿਚ ਮਤਾ ਪਾਸ ਕਰਕੇ ਮੰਗ ਕੀਤੀ ਗਈ ਕਿ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਮਦਮਾ ਸਾਹਿਬ ਨੂੰ ਪੰਜਵਾਂ ਤਖਤ ਕਰਾਰ ਦੇਵੇ ।

ਇਸ ਬਾਰੇ ਸਿਖ ਪਰੈਸ ਵਿਚ ਬਹਿਸ ਚਲ ਪਈ ਕਿ ਕੀ ਚਾਰ ਤਖਤਾਂ ਦੀ ਪੁਰਾਤਨ ਮਨੌਤ ਦੇ ਉਲਟ ਸ਼੍ਰੋਮਣੀ ਕਮੇਟੀ ਨੂੰ ਇਹ ਅਧਿਕਾਰ



Digitized by Panjab Digital Library | www.panjabdigilib.org

ਹੈ ਕਿ ਉਹ ਦਮਦਮਾ ਸਾਹਿਬ ਨੂੰ ਪੰਜਵਾਂ ਤਖਤ ਕਰਾਰ ਦੇਵੇ ? ਕੀ ਦਮਦਮਾ ਸਾਹਿਬ ਤਖਤ ਹੈ ਜਾਂ ਉਸ ਦੀ ਪੋਜ਼ੀਸ਼ਨ ਕਦੀ ਤਖਤ ਦੀ ਮੰਨੀ ਗਈ ਹੈ ? ਉਸ ਤੋਂ ਬਾਹਦ ਅਖਬਾਰ 'ਕੌਮੀ ਦਰਦ' ਜਲੰਧਰ ੧੩ ਨਵੰਬਰ ੧੯੬੩ ਦੇ ਪਰਚੇ ਵਿਚ ਇਕ ਲੇਖ ਸੰਤ ਫਤਹਿ ਸਿੰਘ ਜੀ ਦਾ ਪ੍ਰਕਾਸ਼ਤ ਹੋਇਆ, ਜਿਸ ਵਿਚ ਇਹ ਸ਼ਬਦ ਦਰਜ ਸਨ-'ਤਖਤ ਸ੍ਰੀ ਦਮਦਮਾ ਸਾਹਿਬ ਵਿਚ ਸੰਗਤਾਂ ਦੀ ਮੰਗ ਅਨੁਸਾਰ ਤਖਤ ਵਾਲੀ ਮਰਯਾਦਾ ਕਾਇਮ ਕਰ ਦਿਤੀ ਗਈ ਹੈ। ਸੰਤ ਹਰਿਚੰਦ ਸਿੰਘ ਜੀ ਨੂੰ ਸਿੰਘ ਸਾਹਿਬ ਥਾਪਿਆ ਗਿਆ ਹੈ ਅਤੇ ਭਾਈ ਚੰਨਣ ਸਿੰਘ ਜੀ ਨੂੰ ਹੈਡ ਗਰੰਥੀ।'

ਚੂੰਕਿ ਦਮਦਮਾ ਸਾਹਿਬ (ਸਾਬੋਕੀ ਤਲਵੰਡੀ) ਨੂੰ ਤਖਤ ਬਨਾਉਣ ਦੀ ਮੰਗ ਕਰਨੀ ਤੇ ਫਿਰ ਉਸ ਨੂੰ ਤਖਤ ਬਣਾ ਦੇਣਾ ਇਕ ਨਵੀਂ ਗੱਲ ਸੀ। ਸਿਖ ਇਤਿਹਾਸ, ਚਾਰ ਤਖਤਾਂ ਦੀ ਪੁਰਾਤਨ ਮਨੌਤ ਅਤੇ ਸਿਖੀ ਰਵਾਇਤਾਂ ਦੇ ਉਲਟ ਸੀ। ਇਸ ਲਈ ਇਸ ਬਾਰੇ ਕਈ ਸਜਣਾਂ ਮਿਤਰਾਂ ਨੇ ਮੈਨੂੰ ਵੀ ਕਿਹਾ ਕਿ ਮੈਂ ਗਿਆਨ ਅੰਮ੍ਰਿਤ ਵਿਚ ਇਸ ਬਾਰੇ ਆਪਣੀ ਰਾਇ ਪ੍ਰਗਟ ਕਰਾਂ। ਇਸ ਲਈ ਕਿ ਮੈਂ ਲਗ ਪਗ ੧੭ ਸਾਲ ਸ੍ਰੀ ਅਕਾਲ ਤਖਤ ਸਾਹਿਬ ਤੇ ਤਖਤ ਸ੍ਰੀ ਕੇਸ ਗੜ੍ਹ ਅਨੰਦ ਪੁਰ ਸਾਹਿਬ ਦਾ ਜਥੇਦਾਰ ਰਿਹਾ ਹਾਂ। ੧੯੩੮ ਤੋਂ ੧੯੪੮ ਤੀਕ ਸ੍ਰੀ ਅਕਾਲ ਤਖਤ ਸਾਹਿਬ ਦਾ ਮੀਤ ਜਥੇਦਾਰ, ੧੯੪੮ ਤੋਂ ੧੯੫੨ ਤੀਕ ਤਖਤ ਸ੍ਰੀ ਕੇਸ ਗੜ੍ਹ ਦਾ ਜਥੇਦਾਰ, ੧੯੫੨ ਤੋਂ ੧੯੫੫ ਤੀਕ ਮੁੜ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਰਿਹਾ ਹਾਂ। ਸਿਖ ਇਤਿਹਾਸ ਅਤੇ ਗੁਰਮਤਿ ਫਿਲਾਸਫੀ ਦੀਆਂ ਕੁਝ ਪੁਸਤਕਾਂ ਵੀ ਲਿਖੀਆਂ ਹਨ, ਜਿਨ੍ਹਾਂ ਦੀ ਕਾਫੀ ਮਕਬੂਲੀਅਤ ਹੋਈ ਹੈ।

ਇਸ ਵਕਤ ਮੇਰਾ ਸ਼ਰੋਮਣੀ ਕਮੇਟੀ ਜਾਂ ਅਕਾਲੀ ਪਾਰਟੀ ਦੇ ਕਿਸੇ ਧੜੇ ਨਾਲ ਕੋਈ ਸਬੰਧ ਨਹੀਂ। ਸੁਤੰਤਰ ਪ੍ਰਚਾਰ ਤੇ ਸਾਹਿਤ ਲਿਖਣ ਦਾ ਕੰਮ ਕਰਦਾ ਹਾਂ।

ਦਮਦਮਾ ਸਾਹਿਬ ਨੂੰ ਪੰਜਵਾਂ ਤਖਤ ਮੰਨਣ ਦਾ ਸੁਆਲ ਨਵਾਂ ਹੈ



Digitized by Panjab Digital Library | www.panjabdigilib.org

ਤੇ ਬਹਿਸ ਦਾ ਵਿਸ਼ਾ ਬਣ ਗਿਆ ਹੈ। ਇਸ ਬਾਰੇ ਪਹਿਲੀ ਬੇਨਤੀ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਕਿਸੇ ਗੁਰਮਤਿ ਸਿਧਾਂਤ, ਸਿਖੀ ਦੇ ਸਾਂਝੇ ਧਾਰਮਿਕ, ਕੌਮੀ ਜਾਂ ਇਤਿਹਾਸਕ ਮਸਲੇ ਨੂੰ ਸਮਝਣ, ਵਿਚਾਰਨ ਅਤੇ ਉਸ ਨੂੰ ਹੱਲ ਕਰਨ ਬਾਰੇ ਕਿਸੇ ਕਿਸਮ ਦਾ ਪੱਖ ਪਾਤ ਜਾਂ ਪਾਰਟੀਬਾਜ਼ੀ ਨਹੀਂ ਹੋਣੀ ਚਾਹੀਦੀ। ਧਾਰਮਿਕ ਤੇ ਇਤਿਹਾਸਕ ਤੌਰ ਤੇ ਜਿਹੜੀ ਗੱਲ ਦਰੁਸਤ ਹੋਵੇ, ਉਹੀ ਗੱਲ ਕਹਿਣੀ ਅਤੇ ਮੰਨਣੀ ਚਾਹੀਦੀ ਹੈ। ਇਸ ਲਈ ਮੈਂ ਸਭ ਤੋਂ ਪਹਿਲਾਂ ਸੰਖੇਪ ਤੌਰ ਤੇ ਤਖਤਾਂ ਦੀ ਪੋਜ਼ੀਸ਼ਨ ਬਿਆਨ ਕਰਨਾ ਚਾਹੁੰਦਾ ਹਾਂ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਮ ਪਾਤਸ਼ਾਹ ਤੀਕ ਦਸਾਂ ਸਤਿਗੁਰੂਆਂ ਦੇ ਕਈ ਇਤਿਹਾਸਕ ਗੁਰ-ਅਸਥਾਨ ਹਨ। ਸਿਖ ਸ਼ਹੀਦਾਂ, ਸੂਰਬੀਰਾਂ, ਸੰਤਾਂ ਮਹਾਤਮਾਂ ਅਤੇ ਸੰਗਤਾਂ ਦੇ ਬਣਾਏ ਹੋਏ ਅਨ-ਗਿਣਤ ਗੁਰਦਵਾਰੇ ਹਨ, ਜਿਨ੍ਹਾਂ ਦਾ ਮੁਖ ਮੰਤਵ ਗੁਰਮਤਿ ਦਾ ਪ੍ਰਚਾਰ ਤੇ ਸੇਵਾ ਕਰਨਾ ਹੈ। ਪਰ ਤਖਤਾਂ ਦਾ ਮਕਸਦ ਸਿਖ ਧਰਮ ਦੀ ਰਹਿਤ ਮਰਯਾਦਾ ਨੂੰ ਕਾਇਮ ਰਖਣਾ, ਸਿਖੀ ਦੇ ਧਾਰਮਿਕ ਤੇ ਸਮਾਜਿਕ ਮਾਮਲਿਆਂ ਬਾਰੇ ਫੈਸਲੇ ਜਾ ਨਿਰਨੇ ਕਰਨਾ ਹੈ।

ਹਰੇਕ ਗੁਰਦਵਾਰੇ ਵਿਚ ਅਸੀਂ ਪੂਜਾ ਪਾਠ, ਕਥਾ ਕੀਰਤਨ, ਸਤਿਸੰਗ, ਧਰਮ ਪ੍ਰਚਾਰ, ਅੰਮ੍ਰਿਤ ਪ੍ਰਚਾਰ, ਲੰਗਰ ਤੇ ਸਿਖੀ ਦੇ ਰਸਮੋ ਰਿਵਾਜ ਕਰ ਸਕਦੇ ਹਾਂ। ਪਰ ਜਿਸ ਗੱਲ ਬਾਰੇ ਕਿਸੇ ਸਥਾਨਕ ਸੰਗਤ ਵਿਚ ਕੋਈ ਉਲਝਨ ਪੈਦਾ ਹੋ ਜਾਏ, ਉਸ ਦਾ ਫੈਸਲਾ ਜਾਂ ਨਿਰਨਾ ਤਖਤ ਸਾਹਿਬ ਪਾਸੋਂ ਹਾਸਲ ਕਰ ਸਕਦੇ ਹਾਂ।

ਭਾਰਤ ਵਿਚ ਹਿੰਦੂ ਧਰਮ ਦੇ ਮਸਲਿਆਂ ਦਾ ਨਿਰਨਾ ਕਰਨ ਲਈ ਸ੍ਰੀ ਸ਼ੰਕਰਾਚਾਰਯ ਜੀ ਦੇ ਚਾਰ ਮਠ ਹਨ—ਸ਼੍ਰਿੰਗੇਰੀ, ਨਾਸਕ, ਜਗਨ ਨਾਥ ਤੇ ਅਮਰ ਨਾਥ। ਉਨ੍ਹਾਂ ਦੇ ਮੁਖੀਆਂ ਨੂੰ ਸ਼ੰਕਰਾਚਾਰਯ ਕਹਿੰਦੇ ਹਨ। ਬੁਧ, ਈਸਾਈ ਤੇ ਇਸਲਾਮ ਬਾਰੇ ਧਾਰਮਿਕ ਫੈਸਲੇ ਦੇਣ ਵਾਲੇ ਅਸਥਾਨ ਹਨ। ਇਸੇ ਤਰ੍ਹਾਂ ਸਿਖੀ ਦੀ ਰ[illegible] ਰੀਤ ਤੇ ਮਰਯਾਦਾ ਨੂੰ ਕਾਇਮ ਰਖਣ ਵਾਲੇ ਹੁਣ ਤੀਕ ਚਾਰ ਤ[illegible] ਗਏ ਹਨ। ਉਹ ਇਹ ਹਨ—ਸ੍ਰੀ

ਅਕਾਲ ਤਖਤ ਅੰਮ੍ਰਿਤਸਰ, ਸ੍ਰੀ ਕੇਸ ਗੜ੍ਹ ਅਨੰਦ ਪੁਰ ਸਾਹਿਬ, ਤਖਤ ਪਟਨਾ ਸਾਹਿਬ ਤੇ ਸਚਖੰਡ ਹਜ਼ੂਰ ਸਾਹਿਬ (ਨਾਦੇੜ)।

ਇਹ ਚਾਰੇ ਤਖਤ ਗੁਰਦਵਾਰਿਆਂ ਦੀ ਸਾਰੀ ਮਰਯਾਦਾ ਪੂਰਨ ਕਰਦੇ ਹੋਏ, ਕਿਸੇ ਥਾਂ ਸਿਖੀ ਦੀ ਰਹੁ ਰੀਤ ਬਾਰੇ ਕੋਈ ਸ਼ੰਕਾ ਪੈਦਾ ਹੋ ਜਾਵੇ, ਕੋਈ ਧਾਰਮਿਕ ਜਾਂ ਸਮਾਜਿਕ ਸਮਸਿਆ ਖੜੀ ਹੋ ਜਾਏ, ਉਸ ਦਾ ਨਿਰਣਾ ਤੇ ਫੈਸਲਾ ਕਰਦੇ ਹਨ। ਰਹਿਤ ਬਹਿਤ ਦੀ ਪੁਛ ਪੜਤਾਲ ਕਰਦੇ ਅਤੇ ਸਿਖੀ ਤੋਂ ਪਤਿਤ ਆਦਮੀਆਂ ਨੂੰ ਦੰਡ ਵੀ ਦੇਂਦੇ ਹਨ।

ਉਪਰੋਕਤ ਚੌਹਾਂ ਅਸਥਾਨਾਂ ਲਈ ਤਖਤ ਸ਼ਬਦ ਕਿਉਂ ਵਰਤਿਆ ਗਿਆ ? ਅਤੇ ਉਨ੍ਹਾਂ ਦੀ ਖਾਸ ਮਹਾਨਤਾ ਕਿਉਂ ਹੈ ? ਉਸ ਦਾ ਉਤਰ ਇਹ ਹੈ-

ਸਿਖ ਇਤਿਹਾਸ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਸਭ ਤੋਂ ਪਹਿਲੇ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਦਰਬਾਰ ਸਾਹਿਬ ਦੇ ਸਾਹਮਨੇ ਤਖਤ ਬਣਾਇਆ। ਉਸ ਦਾ ਨਾਂ ਅਕਾਲ ਤਖਤ ਜਾਂ ਅਕਾਲ ਬੁੰਗਾ ਪ੍ਰਚਲਤ ਹੋਇਆ। ਇਸ ਤਖਤ ਉਤੇ ਬੈਠ ਕੇ ਗੁਰੂ ਜੀ ਨੇ ਸਿਖਾਂ ਪ੍ਰਤੀ ਸੰਤ ਸਿਪਾਹੀ ਬਣਨ ਦਾ ਹੁਕਮ ਜਾਰੀ ਕੀਤਾ। ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਨਗਾਰੇ ਵਜਾਏ, ਨਿਸ਼ਾਨ ਸਾਹਿਬ ਝੁਲਾਏ ਅਤੇ ਦੀਨ ਦੁਖੀਆਂ ਦੀ ਮਦਦ ਕਰਨ ਦਾ ਐਲਾਨ ਕੀਤਾ। ਇਸ ਲਈ ਸ੍ਰੀ ਅਕਾਲ ਤਖਤ ਸਾਹਿਬ ਸਿਖੀ ਦਾ ਪਹਿਲਾ ਅਤੇ ਮੁਖੀ ਤਖਤ ਮੰਨਿਆ ਗਿਆ।

ਬਾਰਾਂ ਮਿਸਲਾਂ ਦੇ ਸਮੇਂ ਪੰਥ ਇਥੇ ਇਕਤਰ ਹੋ ਕੇ ਗੁਰਮਤੇ ਸੋਧਦਾ ਰਿਹਾ ਅਤੇ ਉਨ੍ਹਾਂ ਦੀ ਪ੍ਰਵਾਨਗੀ ਤਖਤ ਸਾਹਿਬ ਤੋਂ ਲੈਂਦਾ ਰਿਹਾ। ਅਕਾਲ ਤਖਤ ਦਾ ਹੁਕਮ ਗੁਰੂ ਪੰਥ ਦਾ ਹੁਕਮ ਮੰਨਿਆ ਗਿਆ।

ਮਿਸਲਾਂ ਦੇ ਸਮੇਂ ਕਸੂਰ ਦੇ ਇਕ ਬ੍ਰਾਹਮਣ ਨੇ ਆ ਕੇ ਪੁਕਾਰ ਕੀਤੀ ਕਿ 'ਖਾਲਸਾ ਜੀ, ਮੇਰੀ ਇਸਤਰੀ ਕਸੂਰੀਏ ਪਠਾਣਾਂ ਨੇ ਖੋਹ ਲਈ ਹੈ, ਮੇਰੀ ਸਹਾਇਤਾ ਕਰੋ।' ਉਸ ਦਾ ਫੈਸਲਾ ਅਕਾਲ ਤਖਤ ਦੇ ਸਾਹਮਣੇ ਕੀਤਾ ਗਿਆ ਤੇ ਸ੍ਰੀ ਦਰਬਾਰ ਸਾਹਿਬ ਤੋਂ ਵਾਕ ਲੈ ਕੇ ਮਿਸਲਾਂ



Digitized by Panjab Digital Library | www.panjabdigilib.org

ਦੇ ਸਰਦਾਰਾਂ ਨੇ ਕਸੂਰ ਤੇ ਚੜ੍ਹਾਈ ਕੀਤੀ ਤੇ ਜਿਤ ਪ੍ਰਾਪਤ ਕੀਤੀ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਰਾਜਨੀਤਕ ਫੈਸਲੇ ਲਾਹੌਰ ਹੁੰਦੇ ਰਹੇ, ਪਰ ਸਿਖੀ ਦੇ ਧਾਰਮਿਕ ਫੈਸਲੇ ਅਕਾਲ ਤਖਤ ਸਾਹਿਬ ਹੁੰਦੇ ਰਹੇ। ਚੁਨਾਂਚਿ ਮਹਾਰਾਜਾ ਸਾਹਿਬ ਨੂੰ ਇਕ ਦੋਸ਼ ਬਦਲੇ ਅਕਾਲੀ ਫੂਲਾ ਸਿੰਘ ਜੀ ਨੇ ਇਮਲੀ ਨਾਲ ਬੰਨ੍ਹ ਕੇ ਕੋਰੜੇ ਮਾਰਨ ਦਾ ਦੰਡ ਇਥੇ ਹੀ ਦਿਤਾ, ਜਿਸ ਨੂੰ ਮਹਾਰਾਜਾ ਸਾਹਿਬ ਨੇ ਪਰਵਾਨ ਕੀਤਾ।

ਸਿਖ ਰਾਜ ਦੇ ਬਾਹਦ ਵੀ ਸਿਖੀ ਨਾਲ ਸਬੰਧ ਰਖਣ ਵਾਲੇ ਕਈ ਫੈਸਲੇ ਅਕਾਲ ਤਖਤ ਸਾਹਿਬ ਹੀ ਹੁੰਦੇ ਰਹੇ ਹਨ। ੧੯੨੦ ਵਿਚ ਗੁਰਦਵਾਰਾ ਸੁਧਾਰ ਲਹਿਰ ਦੇ ਆਰੰਭ ਵਿਚ ਸ਼ਰੋਮਣੀ ਕਮੇਟੀ ਕਾਇਮ ਕਰਨ ਲਈ ਪਹਿਲਾ ਹੁਕਮਨਾਮਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਹੀ ਜਾਰੀ ਕੀਤਾ।

ਛੂਤ ਛਾਤ ਨਿਵਾਰਨ ਦਾ ਹੁਕਮਨਾਮਾ ਵੀ ਇਥੋਂ ਹੀ ਜਾਰੀ ਹੋਇਆ। ਸ: ਖੜਕ ਸਿੰਘ ਅਤੇ ਭਾਈ ਰਣਧੀਰ ਸਿੰਘ ਜੀ ਦੀ ਸੇਵਾ ਦੇ ਪ੍ਰਸੰਸਾ ਪਤਰ ਵੀ ਇਥੋਂ ਦਿਤੇ ਗਏ। ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਬਾਰੇ ਬੇਦੀ ਕਰਤਾਰ ਸਿੰਘ ਤੇ ਗੋਲ ਮੇਜ਼ ਕਾਨਫਰੰਸ ਵਿਚ ਸ਼ਾਮਲ ਹੋਣ ਵਾਲੇ ਸ: ਬ: ਬੂਟਾ ਸਿੰਘ, ਗੁਰਬਾਣੀ ਦਾ ਕ੍ਰਮ ਭੰਗ ਕਰਨ ਵਾਲੇ ਭਾਈ ਤੇਜਾ ਸਿੰਘ ਭਸੌੜ ਨੂੰ ਛੇਕਣ ਦੇ ਹੁਕਮਨਾਮੇ ਵੀ ਇਥੋਂ ਹੀ ਜਾਰੀ ਹੋਏ। ਗੁਰੂ ਕਾ ਬਾਗ ਤੇ ਜੈਤੋ ਦੇ ਸ਼ਹੀਦੀ ਜਥਿਆਂ ਨੂੰ ਸ਼ਾਂਤਮਈ ਸਤਿਆਗ੍ਰਹਿ ਦਾ ਹੁਕਮ ਵੀ ਸ੍ਰੀ ਅਕਾਲ ਤਖਤ ਤੋਂ ਦਿਤਾ ਗਿਆ।

ਮੁਕਦੀ ਗਲ ਉਪਰੋਕਤ ਚੌਹਾਂ ਤਖਤਾਂ ਵਿਚੋਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਮੁਖੀ ਤਖਤ ਮੰਨਿਆ ਗਿਆ। ਦੂਜੇ ਤਖਤ ਇਸ ਦੇ ਹੁਕਮ-ਨਾਮਿਆਂ ਜਾਂ ਫੈਸਲਿਆਂ ਦੀ ਪਰੋੜ੍ਹਤਾ ਹੀ ਕਰਦੇ ਰਹੇ ਹਨ।

ਤਖਤ ਸ੍ਰੀ ਕੇਸ ਗੜ੍ਹ ਸਾਹਿਬ ਵਿਖੇ ਦਸਮ ਪਾਤਸ਼ਾਹ ਨੇ ਖਾਲਸਾ ਸਜਾਇਆ, ਉਥੇ ਸਿਖੀ ਦੀ ਰਹਿਤ ਦਸੀ, ਇਸ ਲਈ ਉਹ ਵੀ ਤਖਤ ਮੰਨਿਆ ਗਿਆ।

ਪਟਨਾ ਸਾਹਿਬ ਵਿਖੇ ਸ੍ਰੀ ਕਲਗੀਧਰ ਜੀ ਦਾ ਅਵਤਾਰ ਹੋਇਆ



Digitized by Panjab Digital Library | www.panjabdigilib.org

ਹੈ, ਪਰ ਜਦ ਦਸਮ ਪਾਤਸ਼ਾਹ ਨੇ ਖਾਲਸੇ ਨੂੰ ਅੰਮ੍ਰਿਤ ਛਕਾ ਕੇ ਕਿਹਾ—

'ਪਿਤਾ ਗੁਰੂ ਗੋਬਿੰਦ ਸਿੰਘ, ਮਾਤਾ ਸਾਹਿਬ ਦੇਵਾਂ,
ਪਟਨੇ ਜਨਮ, ਅਨੰਦ ਪੁਰ ਵਾਸੀ।'

(ਗੁਰ ਬਿਲਾਸ ਭਾਈ ਸੁਖਾ ਸਿੰਘ)

ਭਾਵ ਖਾਲਸੇ ਦਾ ਜਨਮ ਪਟਨੇ ਸਾਹਿਬ ਦਾ ਹੈ। ਵਾਸੀ ਅਨੰਦ ਪੁਰ ਦੀ ਤੇ ਵਰਨ ਖਾਲਸਾ ਹੈ। ਉਸ ਦਿਨ ਤੋਂ ਪਟਨਾ ਸਾਹਿਬ ਨੂੰ ਤੀਸਰਾ ਤਖਤ ਮੰਨਿਆ ਗਿਆ।

ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਦਸਮ ਪਾਤਸ਼ਾਹ ਜੋਤੀ ਜੋਤ ਸਮਾਏ ਹਨ। ਉਥੇ ਹਜ਼ੂਰ ਨੇ ਖਾਲਸੇ ਨੂੰ ਆਪਣਾ ਰੂਪ ਕਹਿਣ ਦੇ ਨਾਲ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਗੁਰਤਾ ਦਿਤੀ। ਇਸ ਲਈ ਹਜ਼ੂਰ ਸਾਹਿਬ ਚੌਥਾ ਤਖਤ ਮੰਨਿਆ ਗਿਆ। ਜਿਹੜਾ ਉਸ ਦੇ ਦਰਸ਼ਨ ਕਰਕੇ ਆਵੇ, ਉਹ ਹਜ਼ੂਰੀਆ ਅਖਵਾਉਂਦਾ ਹੈ।

ਚਾਰ ਤਖਤ ਹੋਣ ਦਾ ਇਕ ਸਬੂਤ ਪਰਾਚੀਨ ਲਿਖਤਾਂ ਅਤੇ ਇਤਿਹਾਸਕ ਗਰੰਥ ਹਨ। ਦੂਜਾ ਸਬੂਤ ਸਾਡੀ ਅਰਦਾਸ ਹੈ, ਜੋ ਭਾਈ ਮਨੀ ਸਿੰਘ ਜੀ ਦੀ ਬਣਾਈ ਹੋਈ ਹੈ। ਭਾਈ ਸਾਹਿਬ, ਦਸਮ ਪਾਤਸ਼ਾਹ ਦੇ ਹਜ਼ੂਰੀ ਸਿਖ ਹੋਣ ਤੋਂ ਬਿਨਾਂ ਸ੍ਰੀ ਗੁਰੂ ਗਰੰਥ ਸਾਹਿਬ ਦੇ ਲਿਖਾਰੀ, ਦਸਮ ਗਰੰਥ ਦੀ ਬੀੜ ਤਿਆਰ ਕਰਨ ਵਾਲੇ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਗਰੰਥੀ ਸਨ।

ਅਰਦਾਸ ਦੀ ਪਹਿਲੀ ਪਉੜੀ 'ਪ੍ਰਿਥਮ ਭਗਉਤੀ ਸਿਮਰ ਕੈ' ਦਸਮ ਗਰੰਥ ਵਿਚੋਂ ਚੰਡੀ ਦੀ ਵਾਰ ਦਾ ਮੰਗਲ ਹੈ। ਅਰਦਾਸ ਦੇ ਅਗਲੇ ਬੰਦ, ਜਿਨ੍ਹਾਂ ਵਿਚ ਆਉਂਦਾ ਹੈ—'ਚਾਰ ਸਾਹਿਬਜ਼ਾਦਿਆਂ, ਪੰਜ ਪਿਆ-ਰਿਆਂ, ਚਾਲੀ ਮੁਕਤਿਆਂ, ਚਾਰ ਤਖਤਾਂ ਤੇ ਸਮੂੰਹ ਗੁਰਦਵਾਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ' ਤੇ ਇਸ ਤੋਂ ਬਾਹਦ ਦੇ ਬੰਦ ਭਾਈ ਮਨੀ ਸਿੰਘ ਜੀ ਦੇ ਬਣਾਏ ਹੋਏ ਹਨ। ਪੁਰਾਤਨ ਗੁਟਕਿਆਂ ਤੇ ਲਿਖਤਾਂ ਵਿਬ ਇਹੀ ਮਿਲਦੇ ਹਨ। ਸ੍ਰੀ ਦਰਬਾਰ ਸਾਹਿਬ ਵਿਚ ਉਹੀ ਅਰਦਾਸ ਹੁਣ ਤਕ ਹੁੰਦੀ ਚਲੀ ਆ ਰਹੀ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਤਖਤ



Digitized by Panjab Digital Library | www.panjabdigilib.org

ਚਾਰ ਹੀ ਮੰਨੇ ਗਏ ਹਨ ।

ਚੌਹਾਂ ਤਖਤਾਂ ਦੀ ਇਕ ਵਿਸ਼ੇਸ਼ ਮਰਯਾਦਾ ਇਹ ਹੈ ਕਿ ਕਿਸੇ ਬੇਅੰਮ੍ਰਿਤੀਏ ਤੇ ਕੁਰਹਿਤੀਏ ਨੂੰ ਤਖਤ ਸਾਹਿਬਾਨ ਤੇ ਚੜ੍ਹਨ ਦੀ ਆਗਿਆ ਨਹੀਂ ਦਿਤੀ ਜਾਂਦੀ । ਜੋ ਪਰੇਮੀ ਤਖਤ ਸਾਹਿਬ ਤੇ ਜਾਣਾ ਚਾਹੇ, ਉਸ ਤੋਂ ਪੁਛਿਆ ਜਾਂਦਾ ਹੈ–'ਕੀ ਤੁਸੀਂ ਅੰਮ੍ਰਿਤ ਛਕਿਆ ਹੋਇਆ ਹੈ ? ਰਹਿਤ ਰਖਦੇ ਹੋ ਕਿ ਨਹੀਂ ? ਚੌਹਾਂ ਕੁਰਹਿਤਾਂ (ਦਾਹੜੀ ਕੇਸ ਕਟਾਉਣੇ, ਕੁਠਾ ਮਾਸ ਖਾਣਾ, ਪਰ ਇਸਤ੍ਰੀ ਦੀ ਸੰਗਤ ਤੇ ਤਮਾਕੂ ਪੀਣਾ) ਵਿਚੋਂ ਕੋਈ ਕੁਰਹਿਤ ਤੇ ਨਹੀਂ ਕੀਤੀ ? ਬਾਕੀ ਕਿਸੇ ਗੁਰਦਵਾਰੇ ਵਿਚ ਇਹ ਪੜਤਾਲ ਨਹੀਂ ਕੀਤੀ ਜਾਂਦੀ । ਮੇਰਾ ਖਿਆਲ ਹੈ ਕਿ ਦਮਦਮੇ ਸਾਹਿਬ ਇਹ ਪੜਤਾਲ ਨਹੀਂ ਹੁੰਦੀ ਰਹੀ ।

ਅਨੰਦ ਪੁਰ ਸਾਹਿਬ ਦੇ ਇਕ ਬਿਰਧ ਪੁਜਾਰੀ ਭਾਈ ਪਰਤਾਪ ਸਿੰਘ, ਜਿਨ੍ਹਾਂ ਦੀ ਉਮਰ ੮੦ ਸਾਲ ਸੀ, ਨੇ ਮੈਨੂੰ ਦਸਿਆ ਕਿ ਮਹਾਰਾਜਾ ਕਪੂਰਥਲਾ ਦਾ ਇਕ ਬਜ਼ੁਰਗ ਤਖਤ ਕੇਸ ਗੜ੍ਹ ਦੇ ਦਰਸ਼ਨ ਕਰਨ ਲਈ ਆਇਆ । ਉਹ ਰਹਿਤ ਵਿਚ ਢਿਲਾ ਸੀ । ਪੁਜਾਰੀਆਂ ਨੇ ਉਸ ਨੂੰ ਕਿਹਾ–'ਅੰਮ੍ਰਿਤ ਛਕੇ ਤੇ ਤਨਖਾਹ ਲੁਆਏ ਬਿਨਾਂ ਤੁਹਾਡੀ ਅਰਦਾਸ ਨਹੀਂ ਹੋ ਸਕਦੀ ਅਤੇ ਤਖਤ ਤੇ ਜਾਣ ਦੀ ਆਗਿਆ ਨਹੀਂ ਦਿਤੀ ਜਾ ਸਕਦੀ ।'

ਉਸ ਨੇ ਪੁਜਾਰੀਆਂ ਨੂੰ ਲਾਲਚ ਦੇਣ ਲਈ ਕਾਫੀ ਰਕਮ ਪੇਸ਼ ਕੀਤੀ, ਪਰ ਉਨ੍ਹਾਂ ਨੇ ਪਰਵਾਨ ਨਾ ਕੀਤੀ । ਮਹਾਰਾਜੇ ਨੇ ਉਹ ਰਕਮ ਆਨੰਦ ਗੜ੍ਹ ਦੀ ਇਮਾਰਤ ਉਤੇ ਖਰਚ ਕੀਤੀ।

ਇਸੇ ਤਰ੍ਹਾਂ ਤਖਤ ਹਜ਼ੂਰ ਸਾਹਿਬ ਦੀ ਇਕ ਵਾਰਤਾ ਹੈ । ਉਥੇ ਇਕ ਵੇਰ ਕੁਝ ਭਗਵੇ ਬਸਤਰਾਂ ਤੇ ਲੰਗੋਟੀ ਵਾਲੇ ਨਿਰਮਲੇ ਸੰਤਾਂ ਨੇ ਤਖਤ ਸਾਹਿਬ ਤੇ ਜਾਣ ਲਈ ਮੰਗ ਕੀਤੀ । ਪੁਜਾਰੀਆਂ ਅਤੇ ਨਿਹੰਗ ਸਿੰਘਾਂ ਨੇ ਆਗਿਆ ਨਾ ਦਿਤੀ । ਇਸ ਪਰ ਸਖਤ ਲੜਾਈ ਹੋਈ ਤੇ ਕਈ ਨਿਰਮਲੇ ਸੰਤ ਮਾਰੇ ਗਏ । ਚੌਹਾਂ ਤਖਤਾ ਦੀ ਇਹ ਮਰਯਾਦਾ ਤਕਰੀਬਨ ਇਕੋ ਰਹੀ ਹੈ । ਦਮਦਮੇ ਸਾਹਿਬ ਬਾਰੇ ਕੋਈ ਪੁਰਾਣੀ ਜਾਂ ਇਤਿਹਾਸਕ ਲਿਖਤ ਤੇ



Digitized by Panjab Digital Library | www.panjabdigilib.org

ਮਿਸਾਲ ਅਜਿਹੀ ਨਹੀਂ ਮਿਲਦੀ ਅਤੇ ਨਾ ਹੀ ਇਥੇ ਇਹ ਮਰਯਾਦਾ ਰਹੀ ਜਾਪਦੀ ਹੈ ਕਿ ਕਿਸੇ ਭ੍ਰੇਅੰਮ੍ਰਿਤੀਏ ਜਾਂ ਰਹਿਤਹੀਣ ਨੂੰ ਕੋਈ ਰੋਕ ਪਾਈ ਗਈ ਹੋਵੇ।

ਦਮਦਮਾ ਸਾਹਿਬ ਨੂੰ ਗੁਰੂ ਕੀ ਕਾਂਸ਼ੀ ਜਾਂ ਗਿਆਨੀਆਂ ਦੀ ਟਕਸਾਲ ਤਾਂ ਕਿਹਾ ਗਿਆ ਹੈ, ਪਰ ਕਦੀ ਤਖਤ ਨਹੀਂ ਮੰਨਿਆ ਗਿਆ।

ਚੌਹਾਂ ਤਖਤਾਂ ਦੀਆਂ ਜਗੀਰਾਂ, ਪੁਜਾਰੀਆਂ ਦੇ ਰੋਜ਼ੀਨਿਆਂ, ਅੰਮ੍ਰਿਤ ਛਕਾਉਣ, ਅਨਮਤੀਆਂ ਨੂੰ ਸ਼ੁਧ ਕਰਨ ਤੇ ਹੁਕਮਨਾਮੇ ਜਾਰੀ ਕਰਨ ਦਾ ਰੀਕਾਰਡ ਮਿਲਦਾ ਹੈ, ਪਰ ਦਮਦਮੇ ਸਾਹਿਬ ਦਾ ਇਸ ਕਿਸਮ ਦਾ ਕੋਈ ਰੀਕਾਰਡ ਨਹੀਂ ਜਾਪਦਾ।

ਕਈ ਮੁਸਲਮਾਨ ਔਰਤਾਂ ਨੂੰ ਸਿਖ ਸਜਾਉਣ, ਕ੍ਰਿਪਾਨ ਦੀ ਲੰਬਾਈ ਚੁੜਾਈ ਤੇ ਹੋਰ ਕਈ ਧਾਰਮਿਕ ਗੱਲਾਂ ਬਾਰੇ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਕੇਸ ਗੜ੍ਹ, ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਦੇ ਜਥੇਦਾਰ ਸਾਹਿਬਾਨ ਤੇ ਪੁਜਾਰੀਆਂ ਦੀਆਂ ਸਰਕਾਰੀ ਅਦਾਲਤਾਂ ਵਿਚ ਗਵਾਹੀਆਂ ਹੁੰਦੀਆਂ ਰਹੀਆਂ ਹਨ। ਮੈਂ ਨਹੀਂ ਕਹਿ ਸਕਦਾ ਕਿ ਦਮਦਮਾ ਸਾਹਿਬ ਦੇ ਕਿਸੇ ਗਰੰਥੀ ਜਾਂ ਪੁਜਾਰੀ ਨੂੰ ਵੀ ਕਦੀ ਕਿਸੇ ਅਦਾਲਤ ਵਿਚ ਧਾਰਮਿਕ ਅਥਾਰਟੀ ਸਮਝ ਕੇ ਕਿਸੇ ਕੇਸ ਵਿਚ ਗਵਾਹੀ ਲਈ ਸਦਿਆ ਗਿਆ ਹੋਵੇ?

ਪਿਛਲੇ ਚਾਲੀ ਪੰਜਾਹ ਸਾਲਾਂ ਵਿਚ ਸਿਖੀ ਦੇ ਕਈ ਮਾਮਲਿਆਂ ਬਾਰੇ ਪ੍ਰਤੀਨਿਧ ਜਥੇਬੰਦੀਆਂ ਦੇ ਇਕਠ ਹੋਏ ਹਨ। ਉਨ੍ਹਾਂ ਵਿਚ ਚੌਹਾਂ ਤਖਤਾਂ ਦੇ ਜਥੇਦਾਰ ਹੀ ਸ਼ਾਮਲ ਹੁੰਦੇ ਰਹੇ ਹਨ। ਦਮਦਮਾ ਸਾਹਿਬ ਦੇ ਪੁਜਾਰੀਆਂ ਨੂੰ ਕਿਸੇ ਪੰਥਕ ਇਕਠ ਵਿਚ ਕਦੀ ਕੋਈ ਮਹਾਨਤਾ ਨਹੀਂ ਦਿਤੀ ਗਈ।

ਸਿੰਘ ਸਭਾ ਲਹਿਰ ਤੋਂ ਬਾਹਦ ਸਿਖਾਂ ਦੀ ਸਭ ਤੋਂ ਵਡੀ ਲਹਿਰ ਗੁਰਦਵਾਰਾ ਸੁਧਾਰ ਅਰਥਾਤ ਅਕਾਲੀ ਲਹਿਰ ਸੀ। ਇਸ ਵਿਚ ਚਾਬੀਆਂ, ਗੁਰੂ ਕਾ ਬਾਗ ਤੇ ਜੈਤੋ ਦੇ ਮੋਰਚੇ ਲਗੇ। ਉਪਰੋਕਤ ਸਾਰੇ ਮੋਰਚੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਆਰੰਭ ਕੀਤੇ ਗਏ। ਜੈਤੋ ਦੇ ਮੋਰਚੇ ਵਿਚ



Digitized by Panjab Digital Library | www.panjabdigilib.org

੧੭ ਸ਼ਹੀਦੀ ਜਥੇ ਗਏ, ਉਨ੍ਹਾਂ ਵਿਚੋਂ ਚੌਥਾ ਸ਼ਹੀਦੀ ਜਥਾ (ਦੁਆਬੇ ਦੇ ਪੰਜ ਸੌ ਸਿੰਘਾਂ ਦਾ) ਤਖਤ ਸ੍ਰੀ ਕੇਸ ਗੜ੍ਹ ਆਨੰਦ ਪੁਰ ਸਾਹਿਬ ਤੋਂ ਰਵਾਨਾ ਹੋਇਆ। ਬਾਕੀ ਸਾਰੇ ਜਥੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਗਏ। ਦਮਦਮੇ ਸਾਹਿਬ ਤੋਂ ਕੋਈ ਜਥਾ ਜੈਤੋ ਦੇ ਮੋਰਚੇ ਵਿਚ ਨਹੀਂ ਗਿਆ, ਹਾਲਾਂਕਿ ਉਥੋਂ ਜੈਤੋ ਨੇੜੇ ਸੀ। ਇਹ ਇਸ ਗੱਲ ਦਾ ਸਬੂਤ ਹੈ ਕਿ ਅਕਾਲੀ ਲਹਿਰ ਵਿਚ ਪੰਜਾਬ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੇ ਸ੍ਰੀ ਕੇਸ ਗੜ੍ਹ ਦੋ ਹੀ ਤਖਤ ਮੰਨੇ ਜਾਂਦੇ ਸਨ।

ਅਕਾਲੀ ਲਹਿਰ ਦੀਆਂ ਵਡੀਆਂ ਕੁਰਬਾਨੀਆਂ ਦੇ ਬਾਹਦ ਜਦ ੧੯੨੫ ਵਿਚ ਗੁਰਦਵਾਰਾ ਐਕਟ ਬਣਿਆ, ਉਸ ਐਕਟ ਵਿਚ ਚਾਰ ਤਖਤਾਂ ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਵਿਸ਼ੇਸ਼ ਪੋਜ਼ੀਸ਼ਨ ਮੰਨੀ ਗਈ। ਗੁਰਦਵਾਰਾ ਐਕਟ ਦੀ ਧਾਰਾ ੪੩ (ੳ) ਅਨੁਸਾਰ ਚੌਹਾਂ ਤਖਤਾਂ ਦੇ ਜਥੇਦਾਰ ਸਾਹਿਬਾਨ ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈਡ ਗਰੰਥੀ ਸਾਹਿਬ ਨੂੰ ਸ਼ਰੋਮਣੀ ਕਮੇਟੀ ਦੇ 'ਐਕਸ ਆਫੀਸ਼ੋ' ਮੈਂਬਰ ਲਿਆ ਗਿਆ। ਉਨ੍ਹਾਂ ਦੀ ਪਦਵੀ 'ਹੈਡ ਮਨਿਸਟਰ' ਮੰਨੀ ਗਈ।

ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਪੰਜਾਬੋਂ ਬਾਹਰ ਹਨ। ਉਥੇ ਗੁ: ਐਕਟ ਲਾਗੂ ਨਹੀਂ ਹੁੰਦਾ। ਪਰ ਪੰਜਾਬ ਵਿਚ ਗੁ: ਐਕਟ ਅਨੁਸਾਰ ਸ਼ਰੋਮਣੀ ਕਮੇਟੀ ਜਥੇਦਾਰ ਸ੍ਰੀ ਅਕਾਲ ਤਖਤ ਤੇ ਕੇਸ ਗੜ੍ਹ ਨੂੰ ਬਿਨਾ ਖਾਸ ਕਾਰਨਾਂ ਦੇ ਨਹੀਂ ਹਟਾ ਸਕਦੀ। ਜੇ ਹਟਾਵੇ ਤਾਂ ਉਹ ਹਾਈ ਕੋਰਟ ਤੀਕ ਜਾ ਸਕਦੇ ਹਨ। ਗੁ: ਐਕਟ ਪੰਜਾਬ ਕੌਂਸਲ ਵਿਚ ਭਾਈ ਜੋਧ ਸਿੰਘ, ਸ: ਤਾਰਾ ਸਿੰਘ ਮੋਗਾ, ਸ. ਗੁਰਬਖਸ਼ ਸਿੰਘ ਐਡਵੋਕੇਟ ਅੰਬਾਲਾ ਤੇ ਸ: ਕਰਤਾਰ ਸਿੰਘ ਫੀਰੋਜ਼ਪੁਰ ਵਰਗੇ ਸਿਖ ਮੁਖੀਆਂ ਨੇ ਪੇਸ਼ ਕੀਤਾ ਸੀ। ਪੰਜਾਬ ਸਰਕਾਰ ਤੇ ਸ਼ਰੋਮਣੀ ਕਮੇਟੀ ਨੇ ਉਸ ਨੂੰ ਪਰਵਾਨ ਕੀਤਾ।

ਗੁਰਦਵਾਰਾ ਐਕਟ ਵਿਚ ਜਿਥੇ ਚੌਹਾਂ ਤਖਤਾਂ ਦੀ ਪੋਜ਼ੀਸ਼ਨ ਮੰਨੀ ਗਈ ਹੈ, ਜੇ ਦਮਦਮਾ ਸਾਹਿਬ ਪੰਜਵਾਂ ਤਖਤ ਹੁੰਦਾ, ਤਾਂ ਉਸ ਨੂੰ ਗੁਰ: ਐਕਟ ਬਣਨ ਸਮੇਂ ਜ਼ਰੂਰ ਮੁਖ ਰਖਿਆ ਜਾਂਦਾ। ਇਸ ਲਈ ਤਖਤ ਚਾਰ ਹੀ ਹਨ। (ਵੇਖੋ ਗਿਆਨ ਅੰਮ੍ਰਿਤ ਮਈ ੧੯੬੩)



Digitized by Panjab Digital Library | www.panjabdigilib.org

## ੨.

# ਨਵੇਂ ਤਖ਼ਤ ਦੇ ਹਾਮੀ ਝਮੇਲੇ 'ਚ

ਸ਼ਰੋਮਣੀ ਕਮੇਟੀ ਵਲੋਂ ਇਕ ਪਾਸੇ ਪੜਤਾਲੀਆ ਕਮੇਟੀ ਬਨਾਣੀ, ਉਸ ਦੀ ਰਪੋਰਟ ਜਾਂ ਪੰਥਕ ਫੈਸਲਾ ਲੈਣ ਤੋਂ ਪਹਿਲਾਂ ਹੀ ਦਮਦਮਾ ਸਾਹਿਬ ਨੂੰ ਤਖਤ ਕਰਾਰ ਦੇਣਾ ਤੇ ਉਥੇ ਸਿੰਘ ਸਾਹਿਬ ਥਾਪਤ ਕਰਨਾ ਆਪ ਹੁਦਰੀ, ਬੇਨਿਯਮੀ ਤੇ ਅਨ-ਡੇਮੋਕ੍ਰੇਟਕ ਗਲ ਹੈ।

ਸਾਡੇ ਲੇਖ ਦੇ ਉਤਰ ਵਿਚ ਗਿਆਨੀ ਗੁਰਦਿਤ ਸਿੰਘ ਐਡੀਟਰ 'ਪ੍ਰਕਾਸ਼' ਚੰਡੀਗੜ੍ਹ ਨੇ ਜੂਨ ੧੯੬੩ ਵਿਚ ਕੁਝ ਲੇਖ ਪ੍ਰਕਾਸ਼ਤ ਕੀਤੇ। ਦੂਜੇ ਗਿਆਨੀ ਬਲਵੰਤ ਸਿੰਘ ਗੁਰੂ ਕੋਠਾ ਨੇ ਡਾਕਟਰ ਤ੍ਰਿਲੋਚਨ ਸਿੰਘ ਪੀ. ਐਚ. ਡੀ. ਦੇ ਉਤਰ ਵਿਚ ਇਕ ਲੇਖ ਇਕ ਅਖਬਾਰ ਵਿਚ ਛਪਵਾਇਆ, ਜਿਸ ਵਿਚ ਸਾਡੇ ਲੇਖ ਦਾ ਹਵਾਲਾ ਵੀ ਦਿਤਾ ਗਿਆ। ਪਰ ਪਹਿਲੇ ਅਸੀਂ ਗਿਆਨੀ ਗੁਰਦਿਤ ਸਿੰਘ ਜੀ ਦੇ ਲੇਖਾਂ ਦਾ ਉਤਰ ਦੇਣਾ ਚਾਹੁੰਦੇ ਹਾਂ।

ਗਿਆਨੀ ਗੁਰਦਿਤ ਸਿੰਘ ਜੀ ਨੇ ਜੂਨ ੧੯੬੩ ਦੇ ਇਕ ਪਰਚੇ ਵਿਚ ਲਿਖਿਆ—

> 'ਅਸਲ ਵਿਚ ਜੋ ਵੀ ਗੁਰਮਤਾ ਦਮਦਮੇ ਸਾਹਿਬ ਵਿਚ ਸਿਖ ਸੰਗਤਾਂ, ਵਿਦਵਾਨਾਂ, ਸੰਤਾਂ ਮਹੰਤਾਂ ਤੇ ਗੁਣੀ ਗਿਆਨੀਆਂ ਨੇ ਪਾਸ ਕਰਕੇ ਤਖਤ ਵਾਲੀ ਪੂਰਨ ਮਰਯਾਦਾ ਤੇ ਮੈਨੇਜਰ ਦੀ ਥਾਂ ਜਥੇਦਾਰ ਕਾਇਮ ਕਰਨ ਲਈ ਕੀਤਾ, ਉਸ ਗੁਰਮਤੇ ਵਿਚ



Digitized by Panjab Digital Library | www.panjabdigilib.org

ਤਖਤ ਦਮਦਮਾ ਸਾਹਿਬ ਨੂੰ ਨਾ ਚੌਥਾ ਨਾ ਪੰਜਵਾਂ ਕਿਹਾ ਗਿਆ। ਮਹਿਜ਼ ਤਖਤ ਸਾਹਿਬ ਹੀ ਕਿਹਾ ਗਿਆ ਹੈ। ਤਖਤ ਚੌਥਾ ਹੈ ਜਾਂ ਪੰਜਵਾਂ ਇਸ ਦਾ ਫੈਸਲਾ ਖੋਜ ਤੇ ਨਿਰਭਰ ਹੈ। ਭਾਵੇਂ ਇਹ ਸਪਸ਼ਟ ਸਿਧ ਹੈ ਕਿ ਦਮਦਮਾ ਸਾਹਿਬ ਤਖਤ ਚੌਥਾ ਹੈ। ਪੁਰਾਤਨ ਲਿਖਤਾਂ ਵਿਚ ਵੀ ਚੌਥਾ ਲਿਖਿਆ ਹੋਇਆ ਹੈ। ਪਰ ਦਮਦਮੇ ਸਾਹਿਬ ਵਿਚ ਅਜਿਹਾ ਕੋਈ ਐਲਾਨ ਨਹੀਂ ਕੀਤਾ ਗਿਆ। ਇਹ ਗਲ ਸ਼ਰੋਮਣੀ ਕਮੇਟੀ ਜਾਂ ਵਿਦਵਾਨਾਂ ਪਰ ਛਡ ਦਿਤੀ ਗਈ ਹੈ। ਇਸ ਤਖਤ ਸਾਹਿਬ ਦਾ ਪਹਿਲਾਂ ਇਤਿਹਾਸ ਵਿਚ ਕੀ ਦਰਜਾ ਸੀ ਤੇ ਕੇਹੜਾ ਮੰਨਿਆ ਜਾਣਾ ਚਾਹੀਦਾ ਹੈ।'

ਸ਼ਰੋਮਣੀ ਕਮੇਟੀ ਨੇ ਮਤਾ ਨੰ: ੨੨੩ ਮਿਤੀ ੨੩-੧੧-੬੨ ਅਨੁਸਾਰ ਗਿਆਨੀ ਗੁਰਦਿਤ ਸਿੰਘ ਨੂੰ ਉਸ ਸਬ ਕਮੇਟੀ ਦਾ ਮੈਂਬਰ ਨੀਯਤ ਕੀਤਾ ਸੀ, ਜਿਸ ਨੇ ਪੜਤਾਲ ਕਰਨੀ ਸੀ ਕਿ ਦਮਦਮਾ ਸਾਹਿਬ ਤਖਤ ਹੈ ਕਿ ਨਹੀਂ? ਪੜਤਾਲ ਕਰਨ ਤੋਂ ਪਹਿਲਾਂ ਹੀ ਗਿਆਨੀ ਜੀ ਦਾ ਇਹ ਫਤਵਾ ਦੇ ਦੇਣਾ ਕਿ ਦਮਦਮਾ ਸਾਹਿਬ ਚੌਥਾ ਤਖਤ ਹੈ, ਇਕਪੱਖੀ ਹਾਸੋਹੀਣੀ ਤੇ ਬੇਨਿਯਮੀ ਗਲ ਹੈ।

ਉਪਰੋਕਤ ਲਿਖਤ ਨੂੰ ਪੜ੍ਹ ਕੇ ਇਹ ਗਲ ਵੀ ਸਪਸ਼ਟ ਹੋ ਜਾਂਦੀ ਹੈ ਕਿ ਗਿਆਨੀ ਗੁਰਦਿਤ ਸਿੰਘ ਆਪਣਾ ਪੱਖ ਕਮਜ਼ੋਰ ਸਮਝ ਕੇ 'ਨੀਮੇ ਦਰੂੰ ਨੀਮੇ ਬਰੂੰ' ਵਾਲੀ ਪਾਲਸੀ ਅਖਤਿਆਰ ਕਰਦੇ ਹਨ। ਸਾਡਾ ਇਤਿਹਾਸ, ਅਰਦਾਸ, ਸ਼ਰੋਮਣੀ ਕਮੇਟੀ ਦੀ ਰਹਿਤ ਮਰਯਾਦਾ ਤੇ ਗੁ: ਐਕਟ ਵਿਚ ਹੁਣ ਤਕ ਚਾਰ ਤਖਤ ਹੀ ਮੰਨੇ ਗਏ ਹਨ-ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਕੇਸ ਗੜ੍ਹ ਅਨੰਦ ਪੁਰ ਸਾਹਿਬ, ਤਖਤ ਪਟਨਾ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ। ਬਕੌਲ ਗਿਆਨੀ ਗੁਰਦਿਤ ਸਿੰਘ ਜੀ ਜੇ ਇਹ ਸਪਸ਼ਟ ਹੈ ਕਿ ਦਮਦਮਾ ਸਾਹਿਬ ਚੌਥਾ ਤਖਤ ਹੈ ਤਾਂ ਦਸੋ ਉਪਰੋਕਤ ਚੌਹਾਂ ਵਿਚੋਂ ਕੇਹੜਾ ਤਖਤ ਨਹੀਂ? ਅਰਦਾਸ ਵਿਚ ਦਮਦਮੇ ਸਾਹਿਬ ਦਾ ਨਾਂ ਕਿਉਂ ਨਹੀਂ ਆਇਆ? ੧੯੨੫ ਵਿਚ ਗੁ: ਐਕਟ ਬਣਨ ਸਮੇਂ ਕਿਉਂ ਨਾ ਮੰਨਿਆ ਗਿਆ? ਜੇ ਦਮਦਮਾ ਸਾਹਿਬ ਤਖਤ



Digitized by Panjab Digital Library | www.panjabdigilib.org

ਹੈ ਤਾਂ 'ਉਸ ਦਾ ਫੈਸਲਾ ਖੋਜ ਤੇ ਨਿਰਭਰ ਹੈ' ਦੇ ਕੀ ਮਾਇਨੇ ? ਇਕ ਪਾਸੇ ਗਿਆਨੀ ਜੀ ਦਮਦਮੇ ਸਾਹਿਬ ਨੂੰ ਚੌਥਾ ਤਖਤ ਦਸਦੇ ਹਨ, ਦੂਜੇ ਪਾਸੇ ਕਹੀ ਜਾਂਦੇ ਹਨ ਕਿ 'ਦਮਦਮੇ ਸਾਹਿਬ ਵਿਚ ਅਜਿਹਾ ਕੋਈ ਐਲਾਨ ਹੀ ਨਹੀਂ ਕੀਤਾ ਗਿਆ। ਇਹ ਗੱਲ ਸ਼ਰੋਮਣੀ ਕਮੇਟੀ ਤੇ ਵਿਦਵਾਨਾਂ ਪਰ ਛਡ ਦਿਤੀ ਗਈ ਹੈ।' ਜੇ ਸਿਖ ਵਿਦਵਾਨਾਂ ਤੇ ਸ਼ਰੋਮਣੀ ਕਮੇਟੀ ਤੇ ਹੀ ਇਹ ਗਲ ਛਡਣੀ ਸੀ ਤਾਂ ਆਪ ਨੂੰ ਦਮਦਮੇ ਸਾਹਿਬ ਨੂੰ ਚੌਥਾ ਤਖਤ ਕਰਾਰ ਦੇਣ ਦਾ ਕੀ ਅਧਿਕਾਰ ਹੈ ? ਤਖਤ ਬਾਰੇ ਫੈਸਲਾ ਕਰਨਾ ਸਮੁਚੇ ਪੰਥ ਦਾ ਕੰਮ ਹੈ।

(ਵੇਖੋ ਗਿਆਨ ਅੰਮ੍ਰਿਤ ਜੁਲਾਈ ੧੯੬੩ ਪੰਨਾ ੪੩-੪੪)

ਜੇ ਅਜੇ ਨਿਰਨਾ ਹੀ ਨਹੀਂ ਹੋਇਆ ਕਿ ਇਤਿਹਾਸ ਵਿਚ ਦਮਦਮੇ ਸਾਹਿਬ ਦਾ ਕੀ ਦਰਜਾ ਹੈ ਤੇ ਕਿਹੜਾ ਮੰਨਿਆ ਜਾਣਾ ਚਾਹੀਦਾ ਹੈ ਤਾਂ ਗਿਆਨੀ ਗੁਰਦਿਤ ਸਿੰਘ ਜੀ ਦਾ ਦਮਦਮੇ ਸਾਹਿਬ ਨੂੰ ਤਖਤ ਕਹੀ ਜਾਣਾ ਬਿਲਕੁਲ ਦੋਦਲੀਲੀ ਤੇ ਗਲਤ ਗਲ ਹੈ। ਇਸ ਤਰ੍ਹਾਂ ਉਨ੍ਹਾਂ ਦੀ ਲਿਖਤ ਆਪਾ ਵਿਰੋਧੀ ਹੈ। ਉਹ ਇਕ ਪੈਰੇ ਵਿਚ ਜਿਸ ਗੱਲ ਦਾ ਮੰਡਨ ਕਰਦੇ ਹਨ, ਦੂਜੇ ਪੈਰੇ ਵਿਚ ਆਪੇ ਹੀ ਉਸ ਦਾ ਖੰਡਨ ਕਰੀ ਜਾਂਦੇ ਹਨ।

ਅਗੇ ਚਲ ਕੇ ਗਿ: ਗੁਰਦਿਤ ਸਿੰਘ ਲਿਖਦੇ ਹਨ—'ਗਿਆਨੀ ਜੀ (ਪ੍ਰਤਾਪ ਸਿੰਘ) ਅਤੇ ਹੋਰ ਸਜਣ ਆਪਣੇ ਪ੍ਰਾਪੇਗੰਡੇ ਨੂੰ ਹਵਾ ਦੇਣ ਲਈ ਐਵੇਂ ਹੀ ਆਖੀ ਜਾਂਦੇ ਹਨ ਕਿ ਦਮਦਮੇ ਸਾਹਿਬ ਨੂੰ ਪੰਜਵਾਂ ਤਖਤ ਬਣਾ ਦਿਤਾ ਗਿਆ ਹੈ, ਤਾਂ ਜੋ ਸਿਖ ਸੰਗਤਾਂ ਨੂੰ ਇਹ ਗਲ ਅਜੀਬ ਲਗੇ ਕਿ ਇਕ ਹੋਰ ਨਵਾਂ ਤਖਤ ਬਣਾ ਦਿਤਾ ਗਿਆ ਹੈ।'

ਇਸੇ ਲੇਖ ਵਿਚ ਗਿ: ਗੁਰਦਿਤ ਸਿੰਘ ਲਿਖਦੇ ਹਨ—'ਅਸੀਂ ਇਹ ਆਖਦੇ ਹਾਂ ਕਿ ਖਾਲਸੇ ਦੇ ਮੁਢ ਤੋਂ ਹੀ ਪੰਜ ਤਖਤ ਮੰਨੇ ਜਾਂਦੇ ਰਹੇ ਹਨ। ਦਮਦਮਾ ਸਾਹਿਬ ਤਖਤ ਚੌਥਾ ਹੈ ਤੇ ਪੁਰਾਤਨ ਲਿਖਤਾਂ ਵਿਚ ਲਿਖਿਆ ਹੋਇਆ ਹੈ।'

ਜੇ ਦਮਦਮਾ ਸਾਹਿਬ ਪਹਿਲੇ ਹੀ ਚੌਥਾ ਤਖਤ ਸੀ ਤਾਂ ਪੰਥ ਨੇ ਉਸ ਨੂੰ ਹੁਣ ਤਕ ਕਿਉਂ ਨਹੀਂ ਮੰਨਿਆ ? ੧੯੬੩ ਦੀ ਵਿਸਾਖੀ ਤੇ



Digitized by Panjab Digital Library | www.panjabdigilib.org

ਦਮਦਮੇ ਸਾਹਿਬ ਨੂੰ ਤਖਤ ਬਨਾਉਣ ਦਾ ਮਤਾ ਪਾਸ ਕਰਨ, ਉਸ ਦੀ ਖੋਜ ਪੜਤਾਲ ਲਈ ਸ਼੍ਰੋਮਣੀ ਕਮੇਟੀ ਨੂੰ ਸਬ-ਕਮੇਟੀ ਬਨਾਉਣ, ਨਵੰਬਰ ੧੯੬੫ ਦੇ ਗੁਰਦਵਾਰਾ ਗਜ਼ਟ ਵਿਚ ਗਿ: ਗੁਰਦਿਤ ਸਿੰਘ ਦੀ ਇਕ ਪੱਖੀ ਤੇ ਇਕ ਪੁਰਖੀ ਰੀਪੋਰਟ ਛਾਪ ਕੇ ਸੰਗਤਾਂ ਦੀਆਂ ਰਾਵਾਂ ਲੈਣ ਦੀ ਕੀ ਲੋੜ ਸੀ ? ਅਸਲ ਵਿਚ ਨਵੇਂ ਤਖਤ ਦੇ ਮੁਦਈ 'ਤਾਲੋਂ ਘੁਥੀ ਡੂਮਣੀ ਗਾਵੈ ਆਲ ਪਤਾਲ' ਵਾਲੀ ਗਲ ਕਰਦੇ ਹਨ।

ਪੰਥ ਦੇ ਪੰਜ ਤਖਤ ਪ੍ਰਗਟ ਕਰਨੇ ਗਿਆਨੀ ਗੁਰਦਿਤ ਸਿੰਘ ਤੇ ਆਪ ਦੇ ਸਾਥੀਆਂ ਦੀ ਮਨਘੜਤ ਕਪੋਲ ਕਲਪਨਾ ਹੈ। ਇਸ ਦੀ ਪੁਸ਼ਟੀ ਲਈ ਆਪ ਕਿਸੇ ਇਤਿਹਾਸ ਜਾਂ ਪ੍ਰਸਿਧ ਪੰਥਕ ਵਿਦਵਾਨ ਦਾ ਹਵਾਲਾ ਪੇਸ਼ ਨਹੀਂ ਕਰ ਸਕਦੇ।

ਅਗੇ ਚਲ ਕੇ ਗਿਆਨੀ ਜੀ ਲਿਖਦੇ ਹਨ—'ਟਿਕਾ ਰਾਮ ਨਰੈਣ ਸਿੰਘ ਦਾ ਛਪਵਾਇਆ ਹੋਇਆ 'ਖਾਲਸਾ ਧਰਮ ਸ਼ਾਸਤ੍ਰ' ਪੜ੍ਹ ਲਵੋ।'

ਇਸ ਵਿਚ ਕੋਈ ਸੰਦੇਹ ਨਹੀਂ ਕਿ ਟਿਕਾ ਰਾਮ ਨਰੈਣ ਸਿੰਘ ਅਨੰਦ ਪੁਰ ਨੇ 'ਧਰਮ ਸ਼ਾਸਤ੍ਰ' ਦੇ ਨਾਮ ਦਾ ਇਕ ਪੁਸਤਕ ਲਿਖਿਆ ਸੀ। ਪਰ ਸਿਖ ਵਿਦਵਾਨਾਂ ਤੇ ਸਿਖ ਜਥੇਬੰਦੀ ਦੇ ਲਿਹਾਜ਼ ਨਾਲ ਟਿਕਾ ਸਾਹਿਬ ਦੀ ਲਿਖਤ ਨੂੰ ਕਦੀ ਕੋਈ ਮਹਾਨਤਾ ਨਹੀਂ ਦਿਤੀ ਗਈ।

ਗਿਆਨੀ ਗੁਰਦਿਤ ਸਿੰਘ ਜੀ ਆਪਣੀ ਪੁਸ਼ਟੀ ਲਈ ਇਕ ਦਲੀਲ ਇਹ ਪੇਸ਼ ਕਰਦੇ ਹਨ—'੧੯੦੧ ਤੋਂ ਪੰਚ ਖਾਲਸਾ ਦੀਵਾਨ ਬਣਿਆ ਚਲਦਾ ਆ ਰਿਹਾ ਹੈ, ਜਿਸ ਦਾ ਆਗਾਜ਼ ਬਕੌਲ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਦਮਦਮੇ ਸਾਹਿਬ ਨੂੰ ਤਖਤ ਸਵੀਕਾਰ ਕਰਦਿਆਂ ਹੋਇਆਂ ਦਮਦਮੇ ਹੀ ਕੀਤਾ ਗਿਆ ਸੀ। ਪੰਚ ਖਾਲਸਾ ਦੀਵਾਨ ਦੀਆਂ ਸਮੂਹ ਲਿਖਤਾਂ ਵਿਚ ਪੰਜੇ ਤਖਤ ਲਿਖੀਂਦੇ ਅਤੇ ਮੰਨੀਦੇ ਆਏ ਹਨ।'

ਭਾਈ ਤੇਜਾ ਸਿੰਘ ਜਾਂ ਪੰਚ ਖਾਲਸਾ ਦੀਵਾਨ ਨੇ ਗੁ: ਦਮਦਮੇ ਸਾਹਿਬ ਦੀ ਮਰਯਾਦਾ ਜਾਂ ਉਥੋਂ ਦੇ ਪੁਜਾਰੀਆਂ ਦੇ ਕਿਸੇ ਸਿਧਾਂਤ ਜਾਂ ਅਸੂਲ ਨੂੰ ਨਹੀਂ ਮੰਨਿਆ। ਪੰਥ ਦੀ ਅਰਦਾਸ 'ਪ੍ਰਿਥਮ ਭਗੌਤੀ ਸਿਮਰ ਕੈ' ਨੂੰ ਬਦਲ ਕੇ ਪੰਚ ਖਾਲਸਾ ਦੀਵਾਨ ਨੇ 'ਸਤਿਨਾਮ ਸਿਮਰ ਕੈ' ਪ੍ਰਚਲਤ



Digitized by Panjab Digital Library | www.panjabdigilib.org

ਕੀਤਾ । ਦਮਦਮੇ ਸਾਹਿਬ ਦੇ ਪੁਜਾਰੀ ਹੁਣ ਤਕ ਰਾਗ ਮਾਲਾ ਪੜ੍ਹਦੇ ਹਨ ਤੇ ਰਾਗ ਮਾਲਾ ਦੇ ਹਾਮੀ ਹਨ, ਲੇਕਿਨ ਭਾਈ ਤੇਜਾ ਸਿੰਘ ਭਸੌੜ ਨੇ ਰਾਗ ਮਾਲਾ ਦਾ ਜ਼ੋਰਦਾਰ ਖੰਡਨ ਕੀਤਾ ਹੈ। ਪੰਜ ਕਕਾਰਾਂ ਦੇ ਸਿਧਾਂਤ ਨੂੰ ਬਦਲ ਕੇ ਛੋਟੀ ਦਸਤਾਰ ਦਾ ਨਾਂ 'ਕੇਸਕੀ' ਰਖਿਆ ਹੈ । ਪੁਰਾਣੀਆਂ ਸਾਰੀਆਂ ਤਸਵੀਰਾਂ ਤੇ ਲਿਖਤਾਂ ਤੋਂ ਪ੍ਰਗਟ ਹੈ ਕਿ ਸਿਖ ਇਸਤਰੀਆਂ ਨੇ ਕਦੀ ਦਸਤਾਰ ਨਹੀਂ ਸਜਾਈ, ਪਰ ਬਾਬੂ ਤੇਜਾ ਸਿੰਘ ਭਸੌੜ ਨੇ ਲੜਕੀਆਂ ਨੂੰ ਦਸਤਾਰਾਂ ਸਜਵਾਈਆਂ। ਅੰਮ੍ਰਿਤ ਵਿਚ ਪਤਾਸੇ ਪਾਉਣ ਤੋਂ ਇਨਕਾਰ ਕੀਤਾ । ਦਸਮ ਗਰੰਥ ਤੇ ਸੂਰਜ ਪ੍ਰਕਾਸ਼ ਦੇ ਵਿਰੁਧ ਜ਼ੋਰਦਾਰ ਪਰਚਾਰ ਕੀਤਾ । ਅਖੀਰ ਸ੍ਰੀ ਦਸਮ ਪਾਤਸ਼ਾਹ ਵਲੋਂ ਦਮਦਮੇ ਸਾਹਿਬ ਵਿਖੇ ਉਚਾਰਨ ਕੀਤੀ ਗਈ ਪਾਵਨ ਬੀੜ ਦਾ ਕ੍ਰਮ ਭੰਗ ਕਰਨ ਦਾ ਬਜਰ ਪਾਪ ਕੀਤਾ, ਜਿਸ ਕਰਕੇ ਸਾਰੇ ਪੰਥ ਨੇ ਬਾਬੂ ਤੇਜਾ ਸਿੰਘ ਭਸੌੜ ਤੇ ਪੰਚ ਖਾਲਸਾ ਦੀਵਾਨ ਦੀ ਇਸ ਕਾਰਵਾਈ ਦੀ ਸਖਤ ਨਿਖੇਧੀ ਕੀਤੀ ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਆਪਣਾ ਜਨਰਲ ਇਜਲਾਸ ਬੁਲਾ ਕੇ ਬਾਬੂ ਤੇਜਾ ਸਿੰਘ ਭਸੌੜ ਦੇ ਵਿਰੁਧ ਇਹ ਮਤਾ ਪਾਸ ਕੀਤਾ—

੧੫ ਜੁਲਾਈ ੧੯੩੨ ਨੂੰ ਸ਼੍ਰੋਮਣੀ ਕਮੇਟੀ ਦੀ ਜਨਰਲ ਕਮੇਟੀ ਅਤੇ ਗੁਰਮਤਿ ਰਹੁ ਰੀਤ ਸਬ ਕਮੇਟੀ ਦਾ ਅਜ ਦਾ ਸਮਾਗਮ ਪਾਸ ਕਰਦਾ ਹੈ ਕਿ ਚੂੰਕਿ ਪੰਚ ਖਾਲਸਾ ਦੀਵਾਨ ਨੇ ਗੁਰਮੁਖੀ ਕੋਰਸ ਨਾਮੇ ਪੁਸਤਕ ਛਾਪ ਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਵਿਚ ਅਦਲਾ ਬਦਲੀ ਅਤੇ ਵਾਧਾ ਘਾਟਾ ਕਰਕੇ ਗੁਰਬਾਣੀ ਭੰਗ ਕੀਤੀ ਹੈ ਅਤੇ ਗੁਰ ਮੰਤ੍ਰ, ਅਰਦਾਸਾ ਅਤੇ ਅੰਮ੍ਰਿਤ ਮਰਯਾਦਾ ਆਦਿਕ ਵਿਚ ਅਦਲਾ ਬਦਲੀ ਕਰਨ ਦੀਆਂ ਹੋਰ ਗੁਰਮਤਿ ਵਿਰੋਧੀ ਕਾਰਵਾਈਆਂ ਕੀਤੀਆਂ ਹਨ, ਇਸ ਲਈ—

(ੳ) ਕੋਈ ਸਿਖ ਪੰਚ ਖਾਲਸਾ ਦੀਵਾਨ ਵਲੋਂ ਛਪੇ ਗੁਰਮੁਖੀ ਕੋਰਸਾਂ ਨੂੰ ਨਾ ਖਰੀਦੇ, ਨਾ ਆਪਣੇ ਪਾਸ ਰਖੇ ਅਤੇ ਇਹ ਪੁਸਤਕਾਂ ਪੰਚ ਖਾਲਸਾ ਦੀਵਾਨ ਜਾਂ ਹੋਰ ਜਿਸ ਕਿਸੇ ਪਾਸ ਹੋਣ, ਉਹ ਸ੍ਰੀ ਅਕਾਲ ਤਖਤ ਸਾਹਿਬ ਘਲ ਦੇਣ ।

Digitized by Panjab Digital Library | www.panjabdigilib.org

(ਅ) ਬਾਬੂ ਤੇਜਾ ਸਿੰਘ ਜੀ ਭਸੌੜ ਅਤੇ ਬੀਬੀ ਨਰਿੰਜਨ ਕੌਰ (ਪਤਨੀ) ਨੂੰ ਪੰਥ ਵਿਚੋਂ ਖਾਰਜ ਕੀਤਾ ਜਾਂਦਾ ਹੈ ਅਤੇ ਪੰਚ ਖਾਲਸਾ ਦੀਵਾਨ ਦੇ ਬਾਕੀ ਮੈਂਬਰਾਂ ਦਾ ਤਖਤ ਸਾਹਿਬਾਨ ਤੇ ਹੋਰ ਗੁਰਦਵਾਰੇ ਸਾਹਿਬਾਨ ਵਿਚ ਅਰਦਾਸਾ ਬੰਦ ਕੀਤਾ ਜਾਂਦਾ ਹੈ, ਜਦ ਤੀਕ ਕਿ ਉਹ ਭੁਲ ਨਾ ਬਖਸ਼ਾਣ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਜਨਰਲ ਕਮੇਟੀ ਅਤੇ ਰਹੁ-ਰੀਤ ਸਬ ਕਮੇਟੀ ਦਾ ਅਜ ਦਾ ਸਮਾਗਮ ਪਾਸ ਕਰਦਾ ਹੈ ਕਿ ਪੰਚ ਖਾਲਸਾ ਦੀਵਾਨ ਵਲੋਂ ਕਟ ਵਢ ਕੀਤੀ ਹੋਈ ਬਾਣੀ ਕੋਈ ਪਰੈਸ ਨਾ ਛਾਪੇ।

ਇਹ ਮਤਾ ਪਾਸ ਕਰਾਉਣ ਵਿਚ ਮਾਲਵੇ ਦੇ ਮੁਖੀ ਗਿਆਨੀ ਸ਼ੇਰ ਸਿੰਘ ਤੇ ਗਿਆਨੀ ਨਾਹਰ ਸਿੰਘ ਲੁਧਿਆਣੇ ਵਾਲੇ ਮੁਹੈਲੀ ਸਨ। ਸ਼੍ਰੋਮਣੀ ਕਮੇਟੀ ਦੇ ਫੈਸਲੇ ਅਨੁਸਾਰ ਸ੍ਰੀ ਅਕਾਲ ਤਖਤ ਤੇ ਪਟਨਾ ਸਾਹਿਬ ਵਲੋਂ ਵੀ ਬਾਬੂ ਤੇਜਾ ਸਿੰਘ ਅਤੇ ਭਸੌੜ ਦੀਵਾਨ ਦਾ ਪੰਥਕ ਤੌਰ ਤੇ ਬਾਈਕਾਟ ਕਰਨ ਦਾ ਫੈਸਲਾ ਕੀਤਾ ਗਿਆ।

ਸਾਨੂੰ ਇਸ ਗੱਲ ਦਾ ਅਫਸੋਸ ਹੈ ਕਿ ਗਿਆਨੀ ਗੁਰਦਿਤ ਸਿੰਘ ਆਪਣੇ ਗਲਤ ਪੱਖ ਨੂੰ ਸਿਧ ਕਰਨ ਲਈ ਪੰਥ ਵਿਚੋਂ ਛੇਕੇ ਹੋਏ ਬਾਬੂ ਤੇਜਾ ਸਿੰਘ ਭਸੌੜ ਜਾਂ ਪੰਚ ਖਾਲਸਾ ਦੀਵਾਨ ਦਾ ਨਾਂ ਵਰਤਦੇ ਹਨ।

(ਦੇਖੋ ਗਿਆਨ ਅੰਮ੍ਰਿਤ ਅਗਸਤ ੧੯੬੩)

ਜਿਸ ਬਾਬੂ ਤੇਜਾ ਸਿੰਘ ਤੇ ਭਸੌੜ ਦੀਵਾਨ ਦਾ ਗੁਰਬਾਣੀ ਦਾ ਕ੍ਰਮ ਭੰਗ ਕਰਨ ਦੇ ਕਾਰਨ ਸ਼੍ਰੋਮਣੀ ਕਮੇਟੀ, ਚਾਰ ਤਖਤਾਂ ਤੇ ਪੰਥਕ ਸੰਸਥਾਵਾਂ ਨੇ ਬਾਈਕਾਟ ਕੀਤਾ, ਉਸ ਦੀ ਆੜ ਲੈ ਕੇ ਤਖਤਾਂ ਬਾਰੇ ਸ਼੍ਰੋਮਣੀ ਕਮੇਟੀ ਵਲੋਂ ਬਣਾਈ ਹੋਈ ਸਬ ਕਮੇਟੀ ਦੇ ਇਕ ਮੈਂਬਰ ਗਿ: ਗੁਰਦਿਤ ਸਿੰਘ ਦਾ ਭਸੌੜ ਦੀਵਾਨ ਨੂੰ ਪ੍ਰਮਾਣ ਮੰਨਣਾ ਤੇ ਇਹ ਲਿਖਣਾ 'ਪੰਚ ਖਾਲਸਾ ਦੀਵਾਨ ਦੀਆਂ ਸਮੂਹ ਲਿਖਤਾਂ ਵਿਚ ਪੰਜੇ ਤਖਤ ਲਿਖੀਦੇ ਤੇ ਮੰਨੀਦੇ ਹਨ' ਸ਼੍ਰੋਮਣੀ ਕਮੇਟੀ ਦੀ ਭਾਰੀ ਨਿਰਾਦਰੀ ਹੈ। ਇਕ ਤਰਾਂ ਪੰਥਕ ਫੈਸਲੇ ਦੀ ਵਿਰੋਧਤਾ ਹੈ।



Digitized by Panjab Digital Library | www.panjabdigilib.org

## ੩.

# ਵਿਦਵਾਨਾਂ ਦੀਆਂ ਰਾਵਾਂ

ਹੁਣ ਅਸੀਂ ਚਾਰ ਤਖਤਾਂ ਬਾਰੇ ਪੰਥ ਦੇ ਪ੍ਰਸਿਧ ਵਿਦਵਾਨਾਂ ਦੀਆਂ ਰਾਵਾਂ ਪੇਸ਼ ਕਰਦੇ ਹਾਂ।

ਪਿਛਲੇ ਪੰਜਾਹ ਸਠ ਸਾਲਾਂ ਵਿਚ ਸਿਖ ਪੰਥ ਦੇ ਸਭ ਤੋਂ ਵਡੇ ਵਿਦਵਾਨ 'ਗੁਰਮਤਿ ਸੁਧਾਕਰ' 'ਪ੍ਰਭਾਕਰ' ਅਤੇ ਮਹਾਨ ਕੋਸ਼ ਲਿਖਣ ਵਾਲੇ ਭਾਈ ਕਾਹਨ ਸਿੰਘ ਨਾਭਾ ਹੋਏ ਹਨ। ਉਹ 'ਮਹਾਨ ਕੋਸ਼' ਦੇ ਪੰਨਾ ੧੬੦੭ ਉਤੇ 'ਤਖਤ' ਦੇ ਸਿਰਲੇਖ ਹੇਠਾਂ ਲਿਖਦੇ ਹਨ, 'ਤਖਤ-ਸੰਗਿਆ ਬੈਠਣ ਦੀ ਚੌਂਕੀ। ੨. ਰਾਜ ਸਿੰਘਾਸਨ 'ਤਖਤ ਬਹੈ ਤਖਤੈ ਕੀ ਲਾਇਕ' (ਮਾਰੂ ਸੋਹਲੇ ਮ: ੧)। ੩. ਸ੍ਰੀ ਗੁਰੂ ਸਾਹਿਬਾਨ ਦਾ ਸਿੰਘਾਸਨ। ਖਾਸ ਕਰ ਸ੍ਰੀ ਗੁਰੂ ਸਾਹਿਬਾਨ ਦੇ ਚਾਰ ਤਖਤ—ਅਕਾਲ ਬੁੰਗਾ, ਪਟਨਾ ਸਾਹਿਬ ਦਾ ਹਰੀ ਮੰਦਰ, ਕੇਸ ਗੜ੍ਹ ਅਤੇ ਹਜ਼ੂਰ ਸਾਹਿਬ ਅਬਿਚਲ ਨਗਰ।'

ਇਸ ਤੋਂ ਸਪਸ਼ਟ ਹੈ ਕਿ ਸਿਖ ਪੰਥ ਦੇ ਮਹਾਨ ਵਿਦਵਾਨ ਭਾਈ ਕਾਹਨ ਸਿੰਘ ਨਾਭਾ ਚਾਰ ਤਖਤ ਹੀ ਮੰਨਦੇ ਸਨ। ਸੰਨ ੧੯੩੦ ਵਿਚ ਦਰਬਾਰ ਪਟਿਆਲਾ ਵਲੋਂ ਪਹਿਲੀ ਵੇਰ ਮਹਾਨ ਕੋਸ਼ ਪ੍ਰਕਾਸ਼ਤ ਕੀਤਾ ਗਿਆ। ਸੰਨ ੧੯੩੮ ਵਿਚ ਭਾਈ ਸਾਹਿਬ ਨੇ ਚਲਾਣਾ ਕੀਤਾ। ਇਸ ਅਰਸੇ ਵਿਚ ਕਿਸੇ ਸਿਖ ਵਿਦਵਾਨ ਨੇ ਭਾਈ ਕਾਹਨ ਸਿੰਘ ਦੀ ਇਸ ਲਿਖਤ ਨੂੰ ਗਲਤ ਕਹਿਣ ਦਾ ਹੀਆ ਨਹੀਂ ਕੀਤਾ।



Digitized by Panjab Digital Library | www.panjabdigilib.org

ਭਾਈ ਕਾਹਨ ਸਿੰਘ 'ਮਹਾਨ ਕੋਸ਼' ਦੇ ਪੰਨਾ ੧੦੩੮ ਉਤੇ 'ਦਮਦਮਾ ਸਾਹਿਬ ਸਾਬੋਕੀ ਤਲਵੰਡੀ' ਬਾਰੇ ਲਿਖਦੇ ਹਨ—'ਰਿਆਸਤ ਪਟਿਆਲੇ ਦੀ ਨਜ਼ਾਮਤ ਬਰਨਾਲੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਕਈ ਮਹੀਨੇ ਬਿਰਾਜੇ। ਇਸ ਦਾ ਨਾਮ ਦਮਦਮਾ ਸਾਹਿਬ ਗੁਰੂ ਕੀ ਕਾਂਸ਼ੀ ਪ੍ਰਸਿਧ ਹੈ।' ਭਾਈ ਸਾਹਿਬ ਨੇ ਦਮਦਮੇ ਸਾਹਿਬ ਨੂੰ ਕੋਈ ਤਖਤ ਨਹੀਂ ਮੰਨਿਆ।

ਭਾਈ ਕਾਹਨ ਸਿੰਘ ਜੀ ਨਾਭਾ ਕੇਵਲ ਵਿਦਵਾਨ, ਗੁਰਮਤਿ ਦੇ ਮਹਾਨ ਖੋਜੀ ਤੇ ਲੇਖਕ ਹੀ ਨਹੀਂ ਸਨ, ਬਲਕਿ ਨਾਭਾ ਪਟਿਆਲਾ ਰਿਆਸਤਾਂ ਦੇ ਪ੍ਰਸਿਧ ਦਰਬਾਰੀ ਵੀ ਸਨ। ਮਹਾਰਾਜਾ ਭੁਪਿੰਦਰ ਸਿੰਘ ਦੀ ਪ੍ਰਵਾਨਗੀ ਨਾਲ ਰਿ: ਪਟਿਆਲੇ ਦੇ ਖਰਚ ਉਤੇ ਭਾਈ ਕਾਹਨ ਸਿੰਘ ਦਾ 'ਗੁਰ ਸ਼ਬਦ ਰਤਨਾਕਰ' ਅਰਥਾਤ 'ਮਹਾਨ ਕੋਸ਼' ਛਪਿਆ। ਜਿਸ ਵਿਚ ਚਾਰ ਤਖਤ ਹੀ ਲਿਖੇ ਹੋਏ ਹਨ। ਦਮਦਮਾ ਸਾਹਿਬ ਸਾਬੋਕੀ ਤਲਵੰਡੀ ਰਿਆਸਤ ਪਟਿਆਲੇ ਵਿਚ ਸੀ। ਜੇ ਉਹ ਤਖਤ ਹੁੰਦਾ ਤਾਂ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਨੇ ਭਾਈ ਕਾਹਨ ਸਿੰਘ ਤੋਂ ਮਹਾਨ' ਕੋਸ਼ ਵਿਚ ਦਮਦਮਾ ਸਾਹਿਬ ਨੂੰ ਜ਼ਰੂਰ ਤਖਤ ਲਿਖਵਾਣਾ ਸੀ। ਪਰ ਇਹ ਗੱਲ ਨਹੀਂ ਹੋਈ। (ਗਿ: ਅੰਮ੍ਰਿਤ ਅਗਸਤ ੧੯੬੩ ਪੰਨਾ ੨੮)

ਅਕਾਲੀ ਲਹਿਰ ਦੀਆਂ ਬੇਅੰਤ ਕੁਰਬਾਨੀਆਂ ਦੇ ਬਾਹਦ ਸੰਨ ੧੯੨੫ ਵਿਚ ਗੁਰਦਵਾਰਾ ਐਕਟ ਬਣਿਆ। ਉਸ ਵਿਚ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਕੇਸ ਗੜ੍ਹ ਸਾਹਿਬ, ਸ੍ਰੀ ਪਟਨਾ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਨੂੰ ਹੀ ਤਖਤ ਮੰਨਿਆ ਗਿਆ ਹੈ ਅਤੇ ਉਨ੍ਹਾਂ ਦੇ ਜਥੇਦਾਰਾਂ ਨੂੰ ਹੀ ਸ਼੍ਰੋਮਣੀ ਕਮੇਟੀ ਦਾ ਐਕਟ ਆਫੀਸ਼ੋ ਮੈਂਬਰ ਲਿਆ ਗਿਆ ਹੈ ਤੇ ਹੁਣ ਤਕ ਚਲੇ ਆਉਂਦੇ ਹਨ। ਉਸ ਸਮੇਂ ਦਮਦਮੇ ਸਾਹਿਬ ਦੇ ਤਖਤ ਹੋਣ ਦਾ ਕੋਈ ਜ਼ਿਕਰ ਤਕ ਨਹੀਂ ਆਇਆ। ਅਜ ਗਿ: ਗੁਰਦਿਤ ਸਿੰਘ ਦਾ ਇਹ ਲਿਖਣਾ ਕਿ 'ਤਖਤ ਦੀ ਪੂਰਨ ਮਰਯਾਦਾ ਤੇ ਮੈਨੇਜਰ ਦੀ ਥਾਂ ਜਥੇਦਾਰ ਕਾਇਮ ਕਰਨ ਲਈ ਗੁਰਮਤਾ ਕੀਤਾ ਗਿਆ' ਇਤਿਹਾਸਕ ਤੌਰ ਤੇ ਬਿਲਕੁਲ ਗਲਤ ਅਤੇ ਮਿਥਿਆਵਾਦ ਹੈ।

ਜਿਸ ਗਲ ਬਾਰੇ ਪੰਥ, ਸ਼੍ਰੋਮਣੀ ਕਮੇਟੀ ਜਾਂ ਸਿਖ ਵਿਦਵਾਨਾਂ ਨੇ



Digitized by Panjab Digital Library | www.panjabdigilib.org

ਕੋਈ ਫੈਸਲਾ ਨਹੀਂ ਦਿਤਾ, ਉਹ ਤਖਤ ਕਿਸ ਤਰ੍ਹਾਂ ਬਣ ਗਿਆ ? ਉਸ ਦੀ ਮਰਯਾਦਾ ਕਿਸ ਤਰ੍ਹਾਂ ਕਾਇਮ ਹੋ ਗਈ ? ਅਤੇ ਉਸ ਦੇ ਮੈਨੇਜਰ ਨੂੰ ਜਥੇਦਾਰ ਕਿਸ ਤਰ੍ਹਾਂ ਮੰਨਿਆ ਜਾ ਸਕਦਾ ਹੈ ?

ਸਵਰਗੀ ਪ੍ਰਿੰਸੀਪਲ ਤੇਜਾ ਸਿੰਘ ਸਿਖ ਇਤਿਹਾਸ ਤੇ ਗੁਰਮਤਿ ਫਿਲਾਸਫੀ ਦੇ ਖੋਜੀ ਤੇ ਮਹਾਨ ਵਿਦਵਾਨ ਸਨ। ਆਪ ਕਈ ਸਾਲ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪਰੋਫੈਸਰ, ਖਾਲਸਾ ਕਾਲਜ ਬੰਬਈ ਤੇ ਮਹਿੰਦਰਾ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਤੇ ਸ਼ਰੋਮਣੀ ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ ਦੇ ਮੈਂਬਰ ਰਹੇ ਹਨ। ਆਪ ਨੇ ਸਿਖ ਧਰਮ ਤੇ ਫਿਲਾਸਫੀ ਬਾਰੇ ਦਰਜਨ ਕੁ ਪੁਸਤਕਾਂ ਅੰਗਰੇਜ਼ੀ ਵਿਚ ਲਿਖੀਆਂ। ਪੰਜਾਬੀ ਵਿਚ ਸ਼ਬਦਾਂਤਕ ਲਗਾਂ ਮਾਤਰਾਂ, ਜਪੁਜੀ ਤੇ ਆਸਾ ਦੀ ਵਾਰ ਦੇ ਟੀਕੇ, ਸ਼ਬਦਾਰਥ ਦੀਆਂ ਚਾਰ ਪੋਥੀਆਂ ਅਤੇ ਸ਼ਰੋਮਣੀ ਕਮੇਟੀ ਦੀ ਰਹਿਤ ਮਰਯਾਦਾ ਦਾ ਖਰੜਾ ਆਪ ਦੀ ਲਿਖਤ ਹਨ।

ਪ੍ਰਿੰਸੀਪਲ ਤੇਜਾ ਸਿੰਘ ਜੀ ਆਪਣੀ ਅੰਗਰੇਜ਼ੀ ਦੀ ਪੁਸਤਕ 'ਸਿਖ ਇਜ਼ਮ ਇਟਜ਼ ਆਈਡਲਜ਼ ਐਂਡ ਇਨਸਟੀਚੇਊਸ਼ਨ' (ਸਿਖ ਧਰਮ ਉਸ ਦੇ ਆਦਰਸ਼ ਤੇ ਸੰਸਥਾਵਾਂ) ਵਿਚ ਸ੍ਰੀ ਅਕਾਲ ਤਖਤ ਦੀ ਮਹਾਨਤਾ ਬਿਆਨ ਕਰਨ ਦੇ ਬਾਹਦ ਲਿਖਦੇ ਹਨ–

> "There are three other similar seats of authority. One at Keshgarh in Anandpur other at Patna & third at Nander in Hyderabad Deccan."

ਭਾਵ–ਤਿੰਨ ਤਖਤ ਹੋਰ ਹਨ, ਕੇਸ ਗੜ੍ਹ ਅਨੰਦ ਪੁਰ ਸਾਹਿਬ, ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਨਾਦੇੜ (ਹੈਦਰਾਬਾਦ ਦਖਣ)।

ਉਪਰੋਕਤ ਪੁਸਤਕ ਦੇ ਸਫਾ ੧੦੩ ਅਤੇ ੧੨੪ ਉਤੇ ਵੀ ਪ੍ਰਿੰਸੀਪਲ ਜੀ ਨੇ ਸ੍ਰੀ ਅਕਾਲ ਤਖਤ ਸਾਹਿਬ, ਕੇਸ ਗੜ੍ਹ ਸਾਹਿਬ, ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਚਾਰ ਤਖਤ ਹੀ ਲਿਖੇ ਹਨ।

ਪ੍ਰਿੰਸੀਪਲ ਤੇਜਾ ਸਿੰਘ ਜੀ ਦੀ ਇਕ ਹੋਰ ਪੁਸਤਕ ਹੈ 'ਸਿਖ ਪਰੇਅਰ' (ਸਿਖੀ ਦੀ ਅਰਦਾਸ), ਇਸ ਦੀਆਂ ਕਈ ਐਡੀਸ਼ਨਾਂ ਛਪ



Digitized by Panjab Digital Library | www.panjabdigilib.org

ਚੁਕੀਆਂ ਹਨ । ਇਹ ਖਾਲਸਾ ਕਾਲਜ ਅੰਮ੍ਰਿਤਸਰ, ਗੁਰਮਤਿ ਟਰੈਕਟ ਸੁਸਾਇਟੀ ਲਾਹੌਰ ਤੇ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਸੰਨ ੧੯੫੭ ਵਿਚ ਪ੍ਰਕਾਸ਼ਤ ਕੀਤੀ ਗਈ ਹੈ।

ਅਰਦਾਸ ਵਿਚ ਚੂੰਕਿ ਉਪਰੋਕਤ ਚੌਹਾਂ ਤਖਤਾਂ ਦਾ ਨਾਂ ਲਿਆ ਜਾਂਦਾ ਹੈ । ਇਸ ਲਈ ਪਰਿੰਸੀਪਲ ਤੇਜਾ ਸਿੰਘ ਜੀ 'ਸਿਖ ਪਰੇਅਰ' ਦੇ ਪੰਨਾ ੨੦ ਉਤੇ ਚਾਰ ਤਖਤਾਂ ਦੀ ਵਿਆਖਿਆ ਕਰਦੇ ਹੋਏ 'ਤਖਤ' ਦੇ ਸਿਰਲੇਖ ਹੇਠਾਂ ਇਉਂ ਲਿਖਦੇ ਹਨ–

> There are four Takhats from where a religious edicts called Hukam namas are issued. The first throne called The Akal Takhat at Amritsar. The second at Patna, where Guru Gobind Singh was born. The third called Keshgarh is at Anandpur where the first ceremony of the Sikh bapitism was held by Guru Gobind Singh. The forth called Hazur Sahib is at Nander,

ਭਾਵ–ਚਾਰ ਤਖਤ ਹਨ, ਜਿਥੋਂ ਕਿ ਧਾਰਮਕ ਹੁਕਮ ਹੁੰਦੇ ਹਨ, ਜਿਨ੍ਹਾਂ ਨੂੰ ਹੁਕਮਨਾਮਾ ਕਹਿੰਦੇ ਹਨ । ਚਾਰ ਤਖਤ ਇਹ ਹਨ–ਅਕਾਲ ਤਖਤ ਅੰਮ੍ਰਿਤਸਰ, ਦੂਜਾ ਤਖਤ ਪਟਨਾ ਸਾਹਿਬ, ਜਿਥੇ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ। ਤੀਸਰਾ ਕੇਸ ਗੜ੍ਹ ਸਾਹਿਬ, ਜਿਥੇ ਸਤਿਗੁਰਾਂ ਨੇ ਖਾਲਸੇ ਨੂੰ ਅੰਮ੍ਰਿਤ ਛਕਾਇਆ ਅਤੇ ਚੌਥਾ ਸ੍ਰੀ ਹਜ਼ੂਰ ਸਾਹਿਬ ਨਾਦੇੜ ।

ਪਰਿੰਸੀਪਲ ਤੇਜਾ ਸਿੰਘ ਜੀ ਦੀ ਅੰਗਰੇਜ਼ੀ ਵਿਚ ਇਕ ਪੁਸਤਕ ਹੈ 'ਐਸੇਜ਼ ਇਨ ਸਿਖ ਇਜ਼ਮ', ਇਹ ਪੁਸਤਕ ਸਿਖ ਯੂਨੀਵਰਸਟੀ ਪਰੇਸ ਲਾਹੌਰ ਵਿਚ ਸੰਨ ੧੯੪੪ ਵਿਚ ਛਪੀ ਅਤੇ ਪਰੋਫੈਸਰ ਵਰਿਆਮ ਸਿੰਘ ਐਮ. ਏ. ਐਲ. ਐਲ. ਬੀ. ਖਾਲਸਾ ਕਾਲਜ ਅੰਮ੍ਰਿਤਸਰ ਨੇ ਪ੍ਰਕਾਸ਼ਤ ਕੀਤੀ । ਇਸ ਦੇ ਪੰਨਾ ੨੧੬ ਉਤੇ 'ਪੰਥਕ ਜਥੇਬੰਦੀ' ਦਾ ਜ਼ਿਕਰ ਕਰਦੇ ਹੋਏ ਪਰਿੰਸੀਪਲ ਤੇਜਾ ਸਿੰਘ ਜੀ ਤਖਤ ਸਾਹਿਬਾਨ ਨੂੰ ਬਿਆਨ ਕਰਦੇ



Digitized by Panjab Digital Library | www.panjabdigilib.org

ਹੋਏ ਲਿਖਦੇ ਹਨ-

'ਸਿਖ ਪੰਥ ਵਿਚ ਰਵਾਇਤੀ ਤੌਰ ਤੇ ਚਾਰ ਤਖਤ ਮੰਨੇ ਜਾਂਦੇ ਹਨ, ਜੋ ਕਿ ਸ੍ਰੀ ਅੰਮ੍ਰਿਤਸਰ, ਅਨੰਦ ਪੁਰ, ਪਟਨਾ ਸਾਹਿਬ ਅਤੇ ਨਾਦੇੜ (ਦਖਣ) ਵਿਚ ਹਨ, ਜਿਨ੍ਹਾਂ ਦਾ ਵਰਨਨ ਰਹਿਤ ਨਾਮਿਆਂ ਅਤੇ ਇਤਿਹਾਸਕ ਸਾਹਿਤ ਵਿਚੋਂ ਮਿਲਦਾ ਹੈ।'

ਸੰਨ ੧੯੨੨ ਵਿਚ ਜਦੋਂ ਅਕਾਲੀ ਲਹਿਰ ਜ਼ੋਰਾਂ ਉਤੇ ਸੀ, ਗੁਰੂ ਕੇ ਬਾਗ਼ ਦਾ ਮੋਰਚਾ ਜਾਰੀ ਸੀ, ਉਸ ਵਕਤ ਗੁਰਦਵਾਰਾ ਸੁਧਾਰ ਲਹਿਰ ਬਾਰੇ ਅੰਗਰੇਜ਼ੀ ਵਿਚ ਇਕ ਪੁਸਤਕ 'ਦੀ ਗੁਰਦਵਾਰਾ ਰੀਫਾਰਮ ਮੂਵਮੈਂਟ ਐਂਡ ਅਵੇਕਨਿੰਗ ਆਫ ਸਿਖਜ਼' ਲਿਖੀ ਗਈ। ਇਸ ਪੁਸਤਕ ਦੇ ਲੇਖਕ ਸਵਰਗਵਾਸੀ ਪ੍ਰਿੰਸੀਪਲ ਤੇਜਾ ਸਿੰਘ ਜੀ ਸਨ ਅਤੇ ਸ਼੍ਰੋਮਣੀ ਕਮੇਟੀ ਵਲੋਂ ਪ੍ਰਕਾਸ਼ਤ ਕੀਤੀ ਗਈ।

'ਗੁਰਦਵਾਰਾ ਰੀਫਾਰਮ ਮੂਵਮੈਂਟ' ਦੀ ਭੂਮਿਕਾ ਉਸ ਵਕਤ ਦੇ ਪ੍ਰਸਿਧ ਨੇਤਾ, ਲੇਖਕ ਤੇ ਕਾਂਗਰਸ ਵਲੋਂ ਗੁਰੂ ਕੇ ਬਾਗ ਦੀ ਪੜਤਾਲੀਆ ਕਮੇਟੀ ਵਿਚ ਕੰਮ ਕਰਨ ਵਾਲੇ ਪਰੋਫੈਸਰ ਰੁਚੀ ਰਾਮ ਸਾਹਣੀ ਦੀ ਲਿਖੀ ਹੋਈ ਹੈ।

ਪਰੋਫੈਸਰ ਰੁਚੀ ਰਾਮ ਜੀ 'ਗੁਰਦਵਾਰਾ ਰੀਫਾਰਮ ਮੂਵਮੈਂਟ' ਦੀ ਭੂਮਿਕਾ ਵਿਚ ਸਫ਼ਾ ੪ ਉਤੇ ਤਖਤਾਂ ਬਾਰੇ ਲਿਖਦੇ ਹਨ-

Four Gurdwaras named as Akal Takhat, Anandpur Sahib, Patna Sahib and Hazur Sahib (Nander in Hyderabad) are looked as the four Throne of Authority from which commendments for the guidance of the comunity are issued.

ਭਾਵ-ਚਾਰ ਗੁਰਦਵਾਰੇ ਬਤੌਰ ਤਖਤ ਮੰਨੇ ਜਾਂਦੇ ਹਨ। ਉਹ ਹਨ-ਅਕਾਲ ਤਖਤ, ਅਨੰਦ ਪੁਰ, ਪਟਨਾ ਸਾਹਿਬ ਤੇ ਹਜ਼ੂਰ ਸਾਹਿਬ। ਇਹ ਚਾਰੇ ਤਖਤ ਪ੍ਰਮਾਣੀਕ ਹਨ। ਇਨ੍ਹਾਂ ਤੋਂ ਕੌਮ ਦੀ ਅਗਵਾਈ ਲਈ ਹੁਕਮਨਾਮੇ ਜਾਰੀ ਕੀਤੇ ਜਾਂਦੇ ਹਨ।



Digitized by Panjab Digital Library | www.panjabdigilib.org

ਸ: ਗੰਡਾ ਸਿੰਘ ਸਿਖ ਇਤਿਹਾਸ ਦੇ ਪ੍ਰਸਿਧ ਖੋਜੀ ਹਨ। ਆਪ ਨੇ ਕਈ ਪੁਸਤਕਾਂ ਲਿਖੀਆਂ ਹਨ। ਸ: ਗੰਡਾ ਸਿੰਘ ਜੀ ਨੇ ਖਾਲਸਾ ਕਾਲਜ ਅੰਮ੍ਰਿਤਸਰ ਦੇ ਇਤਿਹਾਸਕ ਖੋਜ ਵਿਭਾਗ ਦੀ ਇਕ ਤਰ੍ਹਾਂ ਨੀਂਹ ਰਖੀ ਤੇ ਇਥੇ ਕਈ ਸਾਲ ਲਗਾਤਾਰ ਆਪ ਨੇ ਸਿਖ ਇਤਿਹਾਸ ਦੀ ਖੋਜ ਕੀਤੀ ਅਤੇ ਉਸ ਨੂੰ ਦੁਰਲੱਭ ਪੁਸਤਕਾਂ ਦੇ ਰੂਪ ਵਿਚ ਪੇਸ਼ ਕੀਤਾ ਹੈ।

ਪਰਿੰਸੀਪਲ ਤੇਜਾ ਸਿੰਘ ਜੀ ਅਤੇ ਡਾਕਟਰ ਗੰਡਾ ਸਿੰਘ ਜੀ ਨੇ ਮਿਲ ਕੇ ਅੰਗਰੇਜ਼ੀ ਵਿਚ ਇਕ ਪੁਸਤਕ 'ਏ ਸ਼ਾਰਟ ਹਿਸਟਰੀ ਆਫ ਦੀ ਸਿਖਸ' ਲਿਖੀ ਹੈ। ਜਿਸ ਵਿਚ ਸਫਾ ੩੯ ਉਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜ਼ਿਕਰ ਕਰਦੇ ਹੋਏ ਦਸਦੇ ਹਨ—

'ਸੰਨ ੧੬੦੯ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਬੁੰਗੇ ਦੀ ਇਮਾਰਤ ਬਣਵਾ ਕੇ ਏਥੇ ਸਿਖ ਸੰਗਤਾਂ ਨੂੰ ਦਰਸ਼ਨ ਦੇਣ ਅਤੇ ਇਕਤ੍ਰ ਹੋਣ ਲਈ 'ਤਖ਼ਤ' ਸਾਜਿਆ।

ਉਪਰੋਕਤ ਪੁਸਤਕ ਦੇ ਸਫੇ ੧੦੪ ਅਤੇ ੧੨੧ ਉਤੇ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਵਿਸਥਾਰ ਵਰਣਨ ਹੈ।

ਇਸ ਪੁਸਤਕ ਦੇ ਸਫਾ ੬੧, ੭੫ ਅਤੇ ੭੬ ਉਤੇ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਦਾ ਵੀ ਵਿਸਥਾਰ ਸਹਿਤ ਵਰਣਨ ਹੈ, ਜਿਸ ਵਿਚ ਦੋਹਾਂ ਵਿਦਵਾਨਾਂ ਤੇ ਇਤਿਹਾਸ ਖੋਜੀਆਂ ਨੇ ਦਸਿਆ ਹੈ—

'ਇਸ ਅਸਥਾਨ ਦਾ ਨਾਂ ਦਮਦਮਾ ਸਾਹਿਬ ਇਸ ਲਈ ਰਖਿਆ ਗਿਆ ਕਿ ਇਥੇ ਦਸਮ ਪਾਤਸ਼ਾਹ ਨੇ ਆ ਕੇ ਦਮ ਲਿਆ ਅਤੇ ਇਸ ਇਲਾਕੇ ਵਿਚ ਲਗ ਪਗ ਦੋ ਸਾਲ ਰਹੇ।

'ਇਹ ਅਸਥਾਨ ਗੁਰੂ ਕੀ ਕਾਂਸ਼ੀ ਕਰਕੇ ਇਸ ਲਈ ਪ੍ਰਸਿਧ ਹੈ, ਕਿਉਂਕਿ ਇਹ ਸਿਖ ਵਿਦਵਾਨਾਂ ਦਾ ਕੇਂਦਰ ਰਿਹਾ ਹੈ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਇਥੇ ਦੋਬਾਰਾ ਸੰਪਾਦਤ ਕੀਤੇ ਗਏ ਅਤੇ ਦਸਮ ਗਰੰਥ ਦੀ ਬਾਣੀ ਵੀ ਭਾਈ ਮਨੀ ਸਿੰਘ ਜੀ ਨੇ ਇਥੇ ਹੀ ਅੰਕਤ ਕੀਤੀ।'

ਸ਼ਾਰਟ ਹਿਸਟਰੀ ਦੇ ਪੰਨਾ ੭੫ ਤੇ ਪਰਿੰਸੀਪਲ ਤੇਜਾ ਸਿੰਘ ਤੇ



Digitized by Panjab Digital Library | www.panjabdigilib.org

ਸ: ਗੰਡਾ ਸਿੰਘ ਜੀ ਦਸਦੇ ਹਨ ਕਿ ਦਸਮ ਪਾਤਸ਼ਾਹ ਦਮਦਮਾ ਸਾਹਿਬ ਵਿਖੇ ਨੌਂ ਮਹੀਨੇ ਰਹੇ ।

ਦੋਹਾਂ ਵਿਦਵਾਨਾਂ ਨੇ ਚ ਰ ਤਖ਼ਤ ਸਾਹਿਬਾਨ ਨੂੰ ਹਰ ਥਾਂ ਤਖ਼ਤ ਅਰਥਾਤ Seat of authority (ਧਾਰਮਿਕ ਫੈਸਲੇ ਕਰਨ ਵਾਲੇ ਅਸਥਾਨ) ਲਿਖਿਆ ਹੈ । ਪਰ ਦਮਦਮਾ ਸਾਹਿਬ ਨੂੰ ਤਖਤ ਅਰਥਾਤ ਸੀਟ ਆਫ਼ ਅਥਾਰਟੀ ਨਹੀਂ ਲਿਖਿਆ, ਸਗੋਂ ਗੁਰੂ ਘਰ ਦੀ ਵਿਦਿਆ ਦਾ ਕੇਂਦਰ ਅਰਥਾਤ Seat of learning ਲਿਖਿਆ ਹੈ ।

ਪਰਿੰਸੀਪਲ ਤੇਜਾ ਸਿੰਘ ਜੀ ਦੀ ਪੰਜਾਬੀ ਦੀ ਇਕ ਪੁਸਤਕ ਹੈ 'ਸਿਖ ਧਰਮ', ਜਿਸ ਦੇ ਪ੍ਰਕਾਸ਼ਕ ਗਿਆਨੀ ਗੁਰਦਿਤ ਸਿੰਘ ਹਨ । ਉਸ ਵਿਚ ਵੀ ਲਿਖਿਆ ਹੈ ਕਿ ਖ਼ਾਲਸੇ ਦੇ ਚਾਰ ਤਖ਼ਤ ਹਨ ।

ਪਰਿੰਸੀਪਲ ਤੇਜਾ ਸਿੰਘ ਜੀ ਦੀਆਂ ਉਪਰੋਕਤ ਲਿਖਤਾਂ ਤੋਂ ਸਪਸ਼ਟ ਹੈ ਕਿ ਪੁਰਾਤਨ ਤਖ਼ਤ ਚਾਰ ਹੀ ਹਨ । ਦਮਦਮਾ ਸਾਹਿਬ ਸਾਬੋਕੀ ਤਲਵੰਡੀ ਪੰਥ ਲਈ ਇਤਿਹਾਸਕ ਅਸਥਾਨ ਹੈ, ਪਰ ਤਖਤ ਨਹੀਂ ।

ਪਰੋਫੈਸਰ ਕਰਤਾਰ ਸਿੰਘ ਐਮ. ਏ. ਇਤਿਹਾਸ ਦੇ ਪਰਸਿਧ ਖੋਜੀ ਤੇ ਲੇਖਕ ਹਨ । ਆਪ ਦੀ ਲਿਖੀ ਹੋਈ ਜੀਵਨ ਕਥਾ ਗੁਰੂ ਗੋਬਿੰਦ ਸਿੰਘ ਪ੍ਰਸਿਧ ਪੁਸਤਕ ਹੈ । ਸ਼ਰੋਮਣੀ ਕਮੇਟੀ ਨੇ ਵੀ ਆਪ ਪਾਸੋਂ ਕਈ ਪੁਸਤਕਾਂ ਲਿਖਵਾਈਆਂ ਹਨ ।

ਪਰੋਫੈਸਰ ਕਰਤਾਰ ਸਿੰਘ ਲਿਖਤ ਸ਼ਰੋਮਣੀ ਕਮੇਟੀ ਵਲੋਂ ਪ੍ਰਕਾਸ਼ਤ ਕੀਤੀ ਗਈ ਧਰਮ ਪੋਥੀ ਨੰ: ੪ ਤੇ ਸਫਾ ਪ੨ ਪਰ ਅਰਦਾਸ ਦੇ ਸਿਰਲੇਖ ਹੇਠਾਂ ਇਹ ਸ਼ਬਦ ਦਰਜ ਹਨ—

'ਚੌਹਾਂ ਤਖ਼ਤਾਂ ਸਰਬਤ ਗੁਰਦਵਾਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ ।'

ਇਹੀ ਸ਼ਬਦ ਸ਼ਰੋਮਣੀ ਕਮੇਟੀ ਵਲੋਂ ਪ੍ਰਕਾਸ਼ਤ ਕੀਤੇ ਗਏ ਸੁੰਦਰ ਗੁਟਕੇ ਦੇ ਸਫਾ ੧੬੪ ਪਰ ਵੀ ਦਰਜ ਹਨ । ਇਹ ਗੁਟਕੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਪਾਸ ਪੁਜ ਚੁਕੇ ਹਨ ।

ਸ਼ਹੀਦ ਸਿਖ ਮਿਸ਼ਨਰੀ ਕਾਲਜ ਦੇ ਸਵਰਗੀ ਪਰਿੰਸੀਪਲ ਗੰਗਾ



Digitized by Panjab Digital Library | www.panjabdigilib.org

ਸਿੰਘ ਚਾਰ ਤਖਤ ਮੰਨਦੇ ਸਨ ।

ਸਾਨੂੰ ਗਿਆਨੀ ਗਰਜਾ ਸਿੰਘ ਤੇ ਭਾਈ ਕੇਹਰ ਸਿੰਘ ਪ੍ਰਚਾਰਕ ਨੇ ਦਸਿਆ ਕਿ ਇਕ ਵੇਰ ਫਤਹਿਗੜ੍ਹ ਸਾਹਿਬ ਦੇ ਮੇਲੇ ਤੇ ਗਿਆਨੀ ਗੁਰਦਿਤ ਸਿੰਘ ਤੇ ਕੁਝ ਸਜਣਾਂ ਨੇ ਦਮਦਮੇ ਸਾਹਿਬ ਨੂੰ ਤਖਤ ਦਸਣ ਦੀ ਬਹਿਸ ਛੇੜੀ । ਪਰਿੰਸੀਪਲ ਗੰਗਾ ਸਿੰਘ ਨੇ ਉਨ੍ਹਾਂ ਨੂੰ ਨਿਰੁਤਰ ਕਰ ਦਿਤਾ । ਸਾਬਤ ਕਰ ਦਿਤਾ ਕਿ ਦਮਦਮਾ ਸਾਹਿਬ ਤਖਤ ਨਹੀਂ ।

ਸ. ਧਰਮਾਨੰਤ ਸਿੰਘ ਪੰਥ ਦੇ ਪ੍ਰਸਿਧ ਵਿਦਵਾਨ ਤੇ ਗੁਰਮਤਿ ਦੇ ਖੋਜੀ ਹਨ । ਆਪ ਕਈ ਸਾਲ ਤਰਨ ਤਾਰਨ ਵਿਦਿਆਲੇ ਅਤੇ ਸ਼ਹੀਦ ਸਿਖ ਮਿਸ਼ਨਰੀ ਕਾਲਜ ਦੇ ਪਰਿੰਸੀਪਲ ਰਹੇ ਹਨ । ਖਾਲਸਾ ਕਾਲਜ ਅੰਮ੍ਰਿਤਸਰ ਦੀ ਧਾਰਮਿਕ ਕਲਾਸ ਦੇ ਇੰਚਾਰਜ ਰਹੇ ਹਨ । 'ਮਹਾਨ ਕੋਸ਼' ਲਿਖਣ ਅਤੇ ਛਪਵਾਉਣ ਸਮੇਂ ਆਪ ਭਾਈ ਕਾਹਨ ਸਿੰਘ ਜੀ ਦੇ ਸਹਾਇਕ ਸਨ ।

ਸ. ਧਰਮਾਨੰਤ ਸਿੰਘ ਜੀ ਨੇ ਤਖਤਾਂ ਬਾਰੇ ਸਾਨੂੰ ਇਕ ਲਿਖਤੀ ਬਿਆਨ ਦਿਤਾ ਹੈ, ਜੋ ਇਸ ਪਰਕਾਰ ਹੈ–

"ਜਿਸ ਤਰ੍ਹਾਂ ਤੀਰਥਾਂ ਦੇ ਮੁਕਾਬਲੇ ਤੇ ਸਾਡੇ ਤੀਰਥ ਹਨ, ਇਸੇ ਤਰ੍ਹਾਂ ਸ੍ਰੀ ਸ਼ੰਕਰਾਚਾਰਯ ਦੇ ਚਾਰ ਧਾਮਾਂ ਵਾਂਗ ਸਿੱਖੀ ਦੇ ਚਾਰ ਧਾਮ (ਤਖਤ) ਨੀਯਤ ਕੀਤੇ ਗਏ । ਗੁਰੂ ਸਾਹਿਬਾਨ ਦੇ ਨਿਰਣੇਵਾਚਕ ਹੁਕਮ-ਨਾਮੇ ਚੌਹਾਂ ਤਖਤਾਂ ਦੇ ਹੀ ਮਿਲਦੇ ਹਨ । ਦਮਦਮਾ ਸਾਹਿਬ (ਸਾਬੋਕੀ ਤਲਵੰਡੀ) ਤੋਂ ਸ੍ਰੀ ਦਸਮੇਸ਼ ਜੀ ਦਾ ਕੋਈ ਨਿਰਣੇਵਾਚਕ ਹੁਕਮਨਾਮਾ ਨਹੀਂ ਮਿਲਦਾ ।

"ਭਾਈ ਕਾਹਨ ਸਿੰਘ ਜੀ ਜਦ ਮਹਾਨ ਕੋਸ਼ ਛਪਵਾ ਰਹੇ ਸਨ, ਮੈਂ ਉਸ ਦਾ ਸੋਧਕ ਸੀ । **ਉਸ ਵਕਤ ਵੀ ਮਾਲਵੇ ਦੇ ਕੁਝ ਸਜਨਾਂ ਨੇ ਦਮਦਮਾ ਸਾਹਿਬ ਸਾਬੋਕੀ ਤਲਵੰਡੀ ਨੂੰ ਤਖ਼ਤ ਬਨਾਉਣ ਦੀ ਬਹਿਸ ਚਲਾਈ ਤੇ ਭਾਈ**



Digitized by Panjab Digital Library | www.panjabdigilib.org

ਸਾਹਿਬ ਨੂੰ ਕਿਹਾ—'ਮਾਲਵੇ ਵਿਚ ਵੀ ਤਖ਼ਤ ਬਣਨਾ ਚਾਹੀਦਾ ਹੈ। ਪਰ ਭਾਈ ਕਾਹਨ ਸਿੰਘ ਜੀ ਨੇ ਉਨ੍ਹਾਂ ਦੀ ਗੱਲ ਨੂੰ ਸਵੀਕਾਰ ਨਹੀਂ ਕੀਤਾ। ਉਨ੍ਹਾਂ ਨੇ ਪੁਰਾਤਨ ਚਾਰ ਤਖਤ—ਸ੍ਰੀ ਅਕਾਲ ਤਖਤ, ਸ੍ਰੀ ਕੇਸ ਗੜ੍ਹ ਸਾਹਿਬ, ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਨਾਦੇੜ ਹੀ ਸਵੀਕਾਰ ਕੀਤੇ ਅਤੇ ਮਹਾਨ ਕੋਸ਼ ਵਿਚ ਲਿਖੇ ਹਨ।"

ਸ. ਧਰਮਾਨੰਤ ਸਿੰਘ ਜੀ ਦੀ ਇਹ ਰਾਏ ਸਾਡੇ ਰੀਕਾਰਡ ਵਿਚ ਮੌਜੂਦ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਕੁਝ ਸਜਣ ਇਲਾਕੇਬੰਦੀ (ਮਾਲਵੇ) ਦਾ ਸੁਆਲ ਖੜਾ ਕਰਕੇ ਦਮਦਮੇ ਸਾਹਿਬ ਨੂੰ ਤਖਤ ਬਨਾਉਣ ਦੀ ਮੰਗ ਕਰਦੇ ਸਨ, ਜਿਸ ਨੂੰ ਭਾਈ ਕਾਹਨ ਸਿੰਘ ਜੀ ਨੇ ਪਰਵਾਨ ਨਹੀਂ ਕੀਤਾ।

ਸਾਡੀ ਇਤਲਾਹ ਹੈ ਕਿ ਸ਼੍ਰੋਮਣੀ ਕਮੇਟੀ ਵਲੋਂ ਦਮਦਮੈ ਸਾਹਿਬ ਨੂੰ ਤਖਤ ਬਨਾਉਣ ਵਾਲੀ ਗਿ. ਗੁਰਦਿਤ ਸਿੰਘ ਦੀ ਜੋ ਇਕ ਪੱਖੀ ਤੇ ਇਕ ਪੁਰਖੀ ਰੀਪੋਰਟ 'ਗੁਰਦਵਾਰਾ ਗਜ਼ਟ' ਨਵੰਬਰ ੧੯੬੫ ਵਿਚ ਪ੍ਰਕਾਸ਼ਤ ਹੋਈ, ਚੀਫ ਖਾਲਸਾ ਦੀਵਾਨ ਨੇ ਉਹ ਰੀਪੋਰਟ ਡਾਕਟਰ ਤਾਰਨ ਸਿੰਘ ਪੀ. ਐਚ. ਡੀ. ਧਾਰਮਿਕ ਪਰੋਫੈਸਰ ਖਾਲਸਾ ਕਾਲਜ ਦੀ ਰਾਇ ਲੈਣ ਲਈ ਭੇਜੀ। ਡਾ. ਤਾਰਨਸਿੰਘ ਨੇ ਚਾਰ ਤਖਤਾਂ ਦੀ ਹਮਾਇਤ ਕੀਤੀ ਅਤੇ ਉਸ ਰੀਪੋਰਟ ਦੇ ਵਿਰੁਧ ਰਾਇ ਦਿਤੀ ਹੈ। ਉਨ੍ਹਾਂ ਨੇ ਚਾਰ ਤਖ਼ਤਾਂ ਦੀ ਹੋਂਦ ਮੰਨੀ ਹੈ। ਦਮਦਮਾ ਸਾਹਿਬ ਨੂੰ ਤਖ਼ਤ ਨਹੀਂ ਮੰਨਿਆ।

ਡਾਕਟਰ ਤ੍ਰਿਲੋਚਨ ਸਿੰਘ ਜੀ ਪੀ. ਐਚ. ਡੀ. ਨੇ ਕਈ ਅਖਬਾਰਾਂ ਵਿਚ ਲਿਖਿਆ ਹੈ ਕਿ ਖਾਲਸਾ ਪੰਥ ਦੇ ਤਖਤ ਚਾਰ ਹੀ ਹਨ। ਦਮਦਮਾ ਸਾਹਿਬ ਤਖਤ ਨਹੀਂ।

ਪਰੋਫੈਸਰ ਸਤਬੀਰ ਸਿੰਘ, ਐਮ. ਏ. ਸ਼੍ਰੋਮਣੀ ਕਮੇਟੀ ਵਲੋਂ ਬਣਾਈ ਗਈ ਉਸ ਸਬ ਕਮੇਟੀ ਦੇ ਮੈਂਬਰ ਸਨ, ਜਿਸ ਨੇ ਤਖ਼ਤਾਂ ਬਾਰੇ

ਪੜਤਾਲ ਕੀਤੀ। ਪਰੋਫੈਸਰ ਸਾਹਿਬ ਦਾ ਇਕ ਖਾਸ ਬਿਆਨ ਗਿਆਨ ਅੰਮ੍ਰਿਤ ਜੁਲਾਈ ੧੯੬੬ ਵਿਚ ਪ੍ਰਕਾਸ਼ਤ ਹੋਇਆ ਹੈ, ਜਿਸ ਵਿਚ ਆਪ ਨੇ ਚਾਰ ਤਖ਼ਤ ਹੀ ਮੰਨੇ ਹਨ। ਦਮਦਮੇ ਸਾਹਿਬ ਨੂੰ ਤਖ਼ਤ ਮੰਨਣ ਤੋਂ ਇਨਕਾਰ ਕੀਤਾ ਹੈ। ਉਹ ਬਿਆਨ ਇਸ ਟਰੈਕਟ ਦੇ ਅੰਤ ਵਿਚ ਦਰਜ ਹੈ।

ਪ੍ਰਸਿਧ ਇਤਿਹਾਸਕਾਰ ਗਿਆਨੀ ਗਰਜਾ ਸਿੰਘ 'ਤਖ਼ਤ ਚਾਰ ਹਨ' ਦੇ ਸਿਰ ਲੇਖ ਹੇਠ ਲਿਖ਼ਦੇ ਹਨ—

'ਸਾਡੇ ਪੁਰਾਤਨ ਇਤਿਹਾਸ ਅਰਦਾਸ, ਮਰਯਾਦਾ, ਮਨੌਤਾਂ ਅਤੇ ਰਵਾਇਤਾਂ ਨੂੰ ਬਦਲਣ ਨਾਲ ਪੰਥ ਵਿਚ ਇੰਤਸ਼ਾਰ ਪੈਦਾ ਹੋਣ ਦਾ ਡਰ ਹੈ। ਚਾਰੇ ਤਖ਼ਤ ਸਤਿਗੁਰੂਆਂ ਦੇ ਬਣਾਇ ਹੋਏ ਹਨ। ਨਵਾਂ ਤਖ਼ਤ ਬਨਾਉਣ ਦਾ ਕਿਸੇ ਨੂੰ ਅਧਿਕਾਰ ਨਹੀਂ।'

(ਦੇਖੋ ਗਿ: ਅੰਮ੍ਰਿਤ ਜਨਵਰੀ ੧੯੬੬ ਸਫਾ ੨੪)

ਲੇਖਕ (ਗਿਆਨੀ ਪ੍ਰਤਾਪ ਸਿੰਘ) ਦੀ ਲਿਖੀ ਹੋਈ 'ਗੁਰਮਤਿ ਫਿਲਾਸਫ਼ੀ' ਪਹਿਲੀ ਵੇਰ ਅਗਸਤ ੧੯੪੬ ਵਿਚ ਪ੍ਰਕਾਸ਼ਤ ਹੋਈ, ਉਸ ਵਿਚ ਵੀ ਚਾਰ ਤਖ਼ਤ ਹੀ ਦਿਤੇ ਗਏ ਹਨ।

ਡਾਕਟਰ ਸੁਰਿੰਦਰ ਸਿੰਘ ਕੋਹਲੀ ਪਰੋਫੈਸਰ ਤੇ ਹੈਡ ਆਫ ਡੀਪਾਰਟਮੈਂਟ ਪੰਜਾਬੀ, ਪੰਜਾਬ ਯੂਨੀਵਰਸਟੀ ਚੰਡੀ ਗੜ੍ਹ ਦੀ ਨਵੀਂ ਪੁਸਤਕ 'ਆਉਟ ਲਾਈਨਜ਼ ਆਫ਼ ਸਿਖ ਥਾਟ' ਫਰਵਰੀ ੧੯੬੬ ਵਿਚ ਛਪੀ ਹੈ। ਉਸ ਦੇ ਸਫਾ ੧੧੬ ਪਰ ਲਿਖਿਆ ਹੈ—'ਇਕ ਸਿਖ ਲਈ ਚਾਰ ਤਖਤ (Seats of aAuthority) ਹਨ—ਸ੍ਰੀ ਅਕਾਲ ਤਖਤ ਅੰਮ੍ਰਿਤਸਰ, ਪਟਨਾ ਸਾਹਿਬ, ਕੇਸ ਗੜ੍ਹ ਅਨੰਦ ਪੁਰ ਤੇ ਹਜ਼ੂਰ ਸਾਹਿਬ ਨਾਦੇੜ।'

ਡਾਕਟਰ ਜੀ ਨੇ ਆਪਣੀ ਲਿਖਤ ਵਿਚ ਦਮਦਮੇ ਸਾਹਿਬ ਨੂੰ ਤਖ਼ਤ ਨਹੀਂ ਮੰਨਿਆ।

ਸ਼ਰੋਮਣੀ ਕਮੇਟੀ ਦੇ ਮਾਸਕ ਪਤ੍ਰ 'ਗੁਰਮਤਿ ਪ੍ਰਕਾਸ਼' ਦੇ ਐਡੀਟਰ ਸ: ਪ੍ਰਕਾਸ਼ ਸਿੰਘ ਐਮ. ਏ. ਦੀ ਰਾਇ ਹੈ ਕਿ ਖਾਲਸਾ ਪੰਥ ਦੇ ਚਾਰ



Digitized by Panjab Digital Library | www.panjabdigilib.org

ਤਖ਼ਤ ਹੀ ਹਨ। ਦਮਦਮਾ ਸਾਹਿਬ ਤਖ਼ਤ ਨਹੀਂ।

ਸ: ਪ੍ਰਕਾਸ਼ ਸਿੰਘ ਹੁਣ ਖਾਲਸਾ ਕਾਲਜ ਅੰਮ੍ਰਿਤਸਰ ਦੇ 'ਸਿਖ ਹਿਸਟਰੀ ਰੀਸਰਚ ਡੀਪਾਰਟਮੈਂਟ' ਦੇ ਇੰਚਾਰਜ ਲਗ ਗਏ ਹਨ।

ਭਾਈ ਕਾਹਨ ਸਿੰਘ ਜੀ, ਪਰਿੰਸੀਪਲ ਤੇਜਾ ਸਿੰਘ, ਡਾਕਟਰ ਗੰਡਾ ਸਿੰਘ, ਪਰੋਫੈਸਰ ਕਰਤਾਰ ਸਿੰਘ ਐਮ. ਏ., ਸ: ਧਰਮਾਨੰਤ ਸਿੰਘ, ਪਰਿੰਸੀਪਲ ਗੰਗਾ ਸਿੰਘ, ਡਾਕਟਰ ਤ੍ਰਿਲੋਚਨ ਸਿੰਘ ਤੇ ਪਰੋਫੈਸਰ ਤਾਰਨ ਸਿੰਘ ਵਰਗੇ ਮਹਾਨ ਵਿਦਵਾਨਾਂ, ਖੋਜੀਆਂ ਤੇ ਲੇਖਕਾਂ ਦੇ ਮੁਕਾਬਲੇ ਤੇ ਨਵੇਂ ਤਖਤ ਦੇ ਮੁਦਈ ਗਿਆਨੀ ਗੁਰਦਿਤ ਸਿੰਘ ਦੀ ਨਾ ਕੋਈ ਕੁਆਲੀ-ਫੀਕਿਸ਼ਨ ਹੈ, ਨਾਂ ਕੋਈ ਵਿਦਵਤਾ, ਨਾ ਖੋਜ ਅਤੇ ਨਾ ਹੀ ਕੋਈ ਅਜੇਹੀ ਲਿਖਤ ਹੈ, ਜਿਸ ਨੂੰ ਪੰਥ ਵਿਚ ਪ੍ਰਮਾਣੀਕ ਮੰਨਿਆ ਜਾਂਦਾ ਹੋਵੇ। ਇਸ ਲਈ ਉਨ੍ਹਾਂ ਦੀ ਰਾਇ ਜਾਂ ਲਿਖਤ ਨੂੰ ਕੋਈ ਮਹਾਨਤਾ ਨਹੀਂ ਦਿਤੀ ਜਾ ਸਕਦੀ। ਸਿਆਣੇ ਕਹਿੰਦੇ ਹਨ-ਕਿਥੇ ਰਾਮ ਰਾਮ ਕਿਥੇ ਟੈਂ ਟੈਂ।

ਪੰਜਾਬੀ ਦੇ ਸਭ ਤੋਂ ਪੁਰਾਣੇ ਅਖਬਾਰ 'ਖਾਲਸਾ ਸਮਾਚਾਰ' ਅੰਮ੍ਰਿਤਸਰ ਨੇ ਦਮਦਮੇ ਸਾਹਿਬ ਨੂੰ ਨਵਾਂ ਤਖਤ ਬਨਾਉਣ ਦੀ ਵਿਰੋਧਤਾ ਕਰਦੇ ਹੋਏ ੩੦ ਮਈ ੧੯੬੩ ਦੇ ਮੁਖ ਲੇਖ ਵਿਚ ਲਿਖਿਆ—

'ਸਾਡਾ ਵਿਸ਼ਵਾਸ ਹੈ ਕਿ ਕਿਸੇ ਧੜੇ ਜਾਂ ਇਲਾਕੇ ਦੀ ਰਾਇ ਯਾ ਲੋਕ ਆਵਾਜ਼ ਅਧੀਨ ਕੋਈ ਗਲ ਐਸੀ ਕਾਹਲੀ ਨਹੀਂ ਕਰਨੀ ਚਾਹੀਦੀ ਜੋ ਸਾਡੇ ਇਤਿਹਾਸ ਤੇ ਰਵਾਇਤਾਂ ਤੋਂ ਸਿਧ ਨਾ ਹੋਵੇ। ਕਿਉਂਕਿ ਐਸਾ ਕਰਨਾ ਇਕ ਐਸੀ ਮਿਸਾਲ ਪੈਦਾ ਕਰੇਗਾ, ਜਿਸ ਦੀ ਰੋਕ ਫਿਰ ਹੋ ਸਕਣੀ ਕਠਨ ਹੋਵੇਗੀ। ਐਸੀ ਮਿਸਾਲ ਪਰ ਅਨੇਕਾਂ ਇਲਾਕਿਆਂ ਦੀ ਆਵਾਜ਼ ਉਠ ਸਕਦੀ ਹੈ ਕਿ ਸਾਡੇ ਕਿਸੇ ਕੇਂਦਰੀ ਗੁਰਧਾਮ ਨੂੰ ਤਖਤ ਸਾਹਿਬ ਘੋਸ਼ਿਤ ਕਰ ਦਿਤਾ ਜਾਏ ਤੇ ਇਹ ਆਵਾਜ਼ ਫਿਰ ਪੰਥ ਵਿਚ ਫੁਟ ਦਾ ਬੀਜ ਸਦਾ ਬੀਜਦੀ ਰਹੇਗੀ।'

ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਰਹਿਤ ਮਰਯਾਦਾ, ਗੁਟਕਿਆਂ ਤੇ ਪ੍ਰਕਾਸ਼ਤ ਕੀਤੀਆਂ ਪੁਸਤਕਾਂ ਵਿਚ ਚਾਰ ਤਖਤ ਹੀ ਮੰਨੇ ਗਏ ਹਨ। ਉਸ ਨੇ ਦਮਦਮੇ ਸਾਹਿਬ ਨੂੰ ਤਖਤ ਮੰਨਣ ਬਾਰੇ ਹੁਣ ਤੀਕ



Digitized by Panjab Digital Library | www.panjabdigilib.org

ਕੋਈ ਫੈਸਲਾ ਨਹੀਂ ਕੀਤਾ।

ਸਾਡੀ ਪੁਰਾਣੀ ਸੰਸਥਾ ਚੀਫ ਖਾਲਸਾ ਦੀਵਾਨ ਨੇ ੨੮ ਅਗਸਤ ੧੯੬੩ ਨੂੰ ਇਕ ਮਤਾ ਪਾਸ ਕੀਤਾ, ਜਿਸ ਵਿਚ ਦਮਦਮੇ ਸਾਹਿਬ ਨੂੰ ਤਖਤ ਨਹੀਂ ਮੰਨਿਆ ਗਿਆ। ਉਹ ਮਤਾ ਇਸ ਪ੍ਰਕਾਰ ਹੈ–

'ਪਿਛੇ ਕੁਝ ਚਿਰ ਤੋਂ ਸਟੇਜ ਅਤੇ ਅਖਬਾਰਾਂ ਰਾਹੀਂ ਕੁਝ ਸਿੰਘਾਂ ਵਲੋਂ ਮੰਗ ਕੀਤੀ ਜਾ ਰਹੀ ਹੈ ਕਿ ਗੁਰਦਵਾਰਾ ਸ੍ਰੀ ਦਮਦਮਾ ਸਾਹਿਬ ਨੂੰ ਸਿਖ ਧਰਮ ਮਰਯਾਦਾ ਵਿਚ ਤਖਤ ਕਰਾਰ ਦਿਤਾ ਜਾਵੇ। ਇਹ ਮਾਮਲਾ ਦੀਰਘ ਵਿਚਾਰ ਗੋਚਰਾ ਹੋਣ ਕਰਕੇ ਚੀਫ ਖਾਲਸਾ ਦੀਵਾਨ ਨੇ ਛੇਤੀ ਨਾਲ ਕੁਝ ਕਹਿਣਾ ਮੁਨਾਸਬ ਨਾ ਸਮਝਿਆ ਅਤੇ ਇਸ ਬਾਰੇ ਧਾਰਮਕ ਸਲਾਹ-ਕਾਰਾਂ ਅਤੇ ਵਿਦਵਾਨਾਂ ਪਾਸੋਂ ਰਾਵਾਂ ਮੰਗਾਉਣ ਦੇ ਪ੍ਰਯਤਨ ਕੀਤੇ।

'ਇਨ੍ਹਾਂ ਸਾਰੀਆਂ ਰਾਵਾਂ, ਸਿਖ ਤਵਾਰੀਖ, ਅਰਦਾਸ, ਰਹਿਤ ਮਰਯਾਦਾ ਅਨੁਸਾਰ ਦੀਰਘ ਵਿਚਾਰ ਕੀਤੀ ਗਈ। ਦੀਵਾਨ ਇਸ ਸਿਟੇ ਤੇ ਅਪੜਿਆ ਹੈ ਕਿ ਸਿਖ ਰਵਾਇਤ ਅਨੁਸਾਰ ਖਾਲਸਾ ਜੀ ਦੀ ਸੰਸਾਰਕ ਤੇ ਰੂਹਾਨੀ ਸਲਤਨਤ ਦੇ ਤਖਤ ਕੇਵਲ ਚਾਰ ਹੀ ਰਹੇ ਹਨ–ਸਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ, ਸ੍ਰੀ ਹਰਿਮੰਦਰ ਪਟਨਾ ਸਾਹਿਬ, ਸ੍ਰੀ ਕੇਸ ਗੜ੍ਹ ਅਤੇ ਸ੍ਰੀ ਅਕਾਲ ਤਖਤ ਸਾਹਿਬ।'

ਇਸ ਮਤੇ ਦੇ ਅਖੀਰ ਵਿਚ ਕਿਹਾ ਗਿਆ 'ਦੀਵਾਨ ਦੀ ਰਾਇ ਵਿਚ ਕਿਸੇ ਇਕ ਵਿਅਕਤੀ, ਜਥੇ ਜਾਂ ਸੰਸਥਾ ਨੂੰ ਇਹ ਅਧਿਕਾਰ ਨਹੀਂ ਕਿ ਕਿਸੇ ਪੁਰਾਣੀ ਰਵਾਇਤ ਨੂੰ ਬਿਨਾਂ ਪੰਥ ਦੀ ਸਰਬ ਸੰਮਤੀ ਦੇ ਬਦਲ ਦੇਵੇ। ਅਜੇਹਾ ਕਰਨਾ ਪੰਥ ਵਿਚ ਫੁਟ ਪਾਉਣ ਵਾਲਾ, ਰਵਾਇਤਾਂ ਨੂੰ ਭੰਗ ਕਰਨ ਵਾਲਾ ਅਤੇ ਉਲਝਣਾਂ ਪੈਦਾ ਕਰਨ ਦਾ ਕਾਰਨ ਹੋਵੇਗਾ।'

(ਵੇਖੋ ਖਾਲਸਾ ਸਮਾਚਾਰ ੧੯ ਸਤੰਬਰ ੧੯੬੩)

ਪੁਰਾਤਨ ਇਤਿਹਾਸਕਾਰਾਂ 'ਚੋਂ ਭਾਈ ਸੁਖਾ ਸਿੰਘ ਕਰਤਾ ਗੁਰ ਬਿਲਾਸ, ਭਾਈ ਰਤਨ ਭੰਗੂ ਲੇਖਕ ਪ੍ਰਾਚੀਨ ਪੰਥ ਪ੍ਰਕਾਸ਼, ਭਾਈ ਸੰਤੋਖ ਸਿੰਘ ਕਰਤਾ ਸੂਰਜ ਪ੍ਰਕਾਸ਼, ਗਿ: ਗਿਆਨ ਸਿੰਘ ਕਰਤਾ ਪੰਥ ਪ੍ਰਕਾਸ਼ ਨੇ ਦਮਦਮੇ ਨੂੰ ਗੁਰੂ ਕੀ ਕਾਂਸ਼ੀ ਲਿਖਿਆ ਹੈ, ਤਖਤ ਨਹੀਂ ਲਿਖਿਆ।



Digitized by Panjab Digital Library | www.panjabdigilib.org

## ੪.

# ਰਹਿਤ ਮਰਯਾਦਾ 'ਚ ਚਾਰ ਤਖ਼ਤ

ਸੰਨ ੧੯੨੦ ਵਿਚ ਗੁਰਦਵਾਰਾ ਸੁਧਾਰ ਲਹਿਰ ਦੇ ਆਰੰਭ ਵਿਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਕਾਇਮ ਹੋਈ । ੧੯੨੫ ਵਿਚ ਗੁ: ਐਕਟ ਪਾਸ ਹੋਣ ਪਰ ਉਹ ਕਾਨੂੰਨੀ ਤੌਰ ਤੇ ਮੰਨੀ ਗਈ । ੧੯੩੬ ਵਿਚ ਸ਼੍ਰੋਮਣੀ ਕਮੇਟੀ ਨੇ ਸਾਰੇ ਗੁਰਦਵਾਰਿਆਂ ਲਈ ਰਹਿਤ ਮਰਯਾਦਾ ਤਿਆਰ ਕਰਨ ਦੀ ਵਿਉਂਤ ਕੀਤੀ ਅਤੇ ਬਾਹਦ ਵਿਚ ਪਾਸ ਕੀਤੀ । ਉਸ 'ਰਹਿਤ ਮਰਯਾਦਾ' ਵਿਚ ਵੀ ਚਾਰ ਤਖਤ ਹੀ ਮੰਨੇ ਗਏ ਹਨ । ਦਮਦਮੇ ਸਾਹਿਬ ਦਾ ਕੋਈ ਜ਼ਿਕਰ ਨਹੀਂ ਮਿਲਦਾ ।

ਇਸ ਰਹਿਤ ਮਰਯਾਦਾ ਦੇ ਆਰੰਭ ਵਿਚ ਲਿਖਿਆ ਹੈ–'ਰਹੁ ਰੀਤ ਸਬ ਕਮੇਟੀ (ਸ਼੍ਰੋ: ਗੁ. ਪ੍ਰ. ਕਮੇਟੀ) ਵਲੋਂ ਰਹੁ ਰੀਤ ਦੇ ਖਰੜੇ ਦੀ ਪ੍ਰਵਾਨਗੀ ਸਰਬ ਹਿੰਦ ਮਿਸ਼ਨ ਬੋਰਡ ਨੇ ਆਪਣੇ ਮਤਾ ਨੰ. ੧ ਮਿਤੀ ੧–੮–੩੬ ਰਾਹੀਂ ਅਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਆਪਣੇ ਮਤਾ ਨੰ. ੧੪ ਮਿਤੀ ੧੨–੧੦–੩੬ ਰਾਹੀਂ ਦਿਤੀ ਅਤੇ ਮੁੜ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ ਨੇ ਆਪਣੀ ਇਕਤ੍ਰਤਾ ਮਿਤੀ ੭–੧–੪੫ ਵਿਚ ਇਸ ਨੂੰ ਵਿਚਾਰ ਕੇ ਇਸ ਵਿਚ ਕੁਝ ਵਾਧੇ ਘਾਟੇ ਕਰਨ ਦੀ ਸਫਾਰਸ਼ ਕੀਤੀ । ਧਾਰਮਿਕ ਸਲਾਹਕਾਰ ਕਮੇਟੀ ਦੀ ਇਸ ਇਕਤ੍ਰਤਾ ਵਿਚ ਹੇਠ ਲਿਖੇ ਸਜਣ ਹਾਜ਼ਰ ਸਨ–



Digitized by Panjab Digital Library | www.panjabdigilib.org

੧. ਸਿੰਘ ਸਾਹਿਬ ਜਥੇਦਾਰ ਮੋਹਣ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ।

੨ ਭਾਈ ਸਾਹਿਬ ਭਾਈ ਅਛਰ ਸਿੰਘ ਜੀ ਹੈਡ ਗਟੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ।

੩. ਪਰੋਫੈਸਰ ਤੇਜਾ ਸਿੰਘ ਜੀ ਐਮ. ਏ. ਖਾਲਸਾ ਕਾਲਜ ਅੰਮ੍ਰਿਤਸਰ।

੪. ਪਰੋਫੈਸਰ ਗੰਗਾ ਸਿੰਘ ਜੀ ਪਰਿੰਸੀਪਲ ਸ਼ਹੀਦ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ।

੫. ਗਿਆਨੀ ਲਾਲ ਸਿੰਘ ਜੀ ਐਮ. ਏ. ਪਰੋਫੈਸਰ ਸ਼ਹੀਦ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ।

੬. ਪਰੋਫੈਸਰ ਸ਼ੇਰ ਸਿੰਘ ਜੀ ਐਮ. ਐਸ. ਸੀ. ਗਵਰਮੈਂਟ ਕਾਲਜ ਲੁਧਿਆਣਾ।

੭. ਬਾਵਾ ਪਰੇਮ ਸਿੰਘ ਜੀ ਹੋਤੀ।

੮. ਗਿ: ਬਾਦਲ ਸਿੰਘ ਜੀ ਇੰਚਾਰਜ ਸਿਖ ਮਿਸ਼ਨ ਹਾਪੜ।

ਧਾਰਮਿਕ ਸਲਾਹਕਾਰ ਕਮੇਟੀ ਦੀ ਸਫਾਰਸ਼ ਅਨੁਸਾਰ ਇਸ ਵਿਚ ਵਧਾ ਘਟਾ ਕਰਨ ਦੀ ਪ੍ਰਵਾਨਗੀ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਆਪਣੀ ਇਕਤ੍ਰਤਾ ਮਿਤੀ ੩–੨–੪੫ ਦੇ ਮਤਾ ਨੰ: ੯੭ ਅਨੁਸਾਰ ਦਿਤੀ। ਰਹਿਤ ਮਰਯਾਦਾ ਦਾ ਖਰੜਾ ਤ੍ਰਿਆਰ ਕਰਨ ਲਈ ਭਾਈ ਕਾਹਨ ਸਿੰਘ ਨਾਭਾ, ਗਿਆਨੀ ਠਾਕਰ ਸਿੰਘ, ਅਕਾਲੀ ਕੌਰ ਸਿੰਘ, ਸੰਤ ਸੰਗਤ ਸਿੰਘ, ਸੰਤ ਗੁਲਾਬ ਸਿੰਘ ਘੋਲੀਆ, ਭਾਈ ਲਾਭ ਸਿੰਘ ਜੀ ਗਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਵੀਰ ਸਿੰਘ, ਬਾਵਾ ਹਰਿਕਿਸ਼ਨ ਸਿੰਘ, ਗਿਆਨੀ ਅਮੀਰ ਸਿੰਘ, ਪੰਡਤ ਕਰਤਾਰ ਸਿੰਘ ਦਾਖਾ, ਪਰੋਫੈਸਰ ਜੋਧ ਸਿੰਘ, ਸੰਤ ਮਾਨ ਸਿੰਘ (ਨਿਰਮਲੇ), ਭਾਈ ਰਣਧੀਰ ਸਿੰਘ, ਜਥੇਦਾਰ ਤੇਜਾ ਸਿੰਘ ਅਕਰਪੁਰੀ, ਜਥੇਦਾਰ ਤਖਤ ਕੇਸ ਗੜ੍ਹ, ਪਟਨਾ ਸਾਹਿਬ ਤੇ ਭਾਈ ਹਜ਼ੂਰਾ ਸਿੰਘ ਹੈਡ ਪੁਜਾਰੀ ਤਖਤ ਹਜ਼ੂਰ ਸਾਹਿਬ ਦੀ ਇਕ ਸਬ ਕਮੇਟੀ ਬਣਾਈ ਗਈ।



Digitized by Panjab Digital Library | www.panjabdigilib.org

ਇਸ ਕਮੇਟੀ ਦੇ ਮੈਂਬਰਾਂ ਨੇ ਆਪਣੀਆਂ ਰਾਵਾਂ ਦਿਤੀਆਂ। ਇਨ੍ਹਾਂ ਤੋਂ ਬਿਨਾਂ ਪੰਜਾਹ ਕੁ ਹੋਰ ਵਿਦਵਾਨਾਂ ਤੇ ੨੦ ਸਿੰਘ ਸਭਾਵਾਂ ਤੇ ਸਿਖ ਜਥੇਬੰਦੀਆਂ ਨੇ ਆਪੇ ਆਪਣੀਆਂ ਰਾਵਾਂ ਭੇਜੀਆਂ, ਜਿਨ੍ਹਾਂ ਦੇ ਨਾਂ ਸ਼ਰੋਮਣੀ ਕਮੇਟੀ ਵਲੋਂ ਪ੍ਰਕਾਸ਼ਤ ਕੀਤੀ ਗਈ ਰਹਿਤ ਮਰਯਾਦਾ ਵਿਚ ਦਰਜ ਹਨ।

ਮੈਨੂੰ ਚੇਤੇ ਹੈ ਕਿ ਸ਼ਰੋਮਣੀ ਕਮੇਟੀ ਵਲੋਂ ਜਦ ਰਹਿਤ ਮਰਯਾਦਾ ਦਾ ਖਰੜਾ ਤਿਆਰ ਕੀਤਾ ਗਿਆ ਸੀ, ਉਸ ਵਕਤ ਉਹ ਖਰੜਾ ਭਾਈ ਕਾਹਨ ਸਿੰਘ ਨਾਭਾ ਨੂੰ ਵਿਖਾਉਣ ਲਈ ਜਥੇਦਾਰ ਮੋਹਨ ਸਿੰਘ ਨਾਗੋਕੇ, ਜੋ ਉਸ ਵਕਤ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਨ, ਸ਼ਿਮਲੇ ਗਏ ਸਨ। ਮੈਂ ਵੀ ਉਨ੍ਹਾਂ ਦੇ ਨਾਲ ਸੀ। ਸ਼ਿਮਲੇ ਵਿਚ ਭਾਈ ਕਾਹਨ ਸਿੰਘ ਜੀ ਸ: ਮੁਕੰਦ ਸਿੰਘ ਦੀ ਕੋਠੀ ਵਿਚ ਠਹਿਰੇ ਹੋਏ ਸਨ। ਅਸੀਂ ਦੋਵੇਂ ਉਥੇ ਪੁਜੇ। ਰਹਿਤ ਮਰਯਾਦਾ ਦਾ ਖਰੜਾ ਵਿਖਾਉਣ ਲਈ ਭਾਈ ਕਾਹਨ ਸਿੰਘ ਨੂੰ ਮਿਲੇ। ਭਾਈ ਸਾਹਿਬ ਅਰਜਨ ਸਿੰਘ ਜੀ ਬਾਗੜੀਆਂ ਉਥੇ ਵੀ ਆ ਗਏ। ਅਸੀਂ ਭਾਈ ਕਾਹਨ ਸਿੰਘ ਜੀ ਨੂੰ ਖਰੜਾ ਪੜ੍ਹ ਕੇ ਸੁਣਾਇਆ। ਭਾਈ ਕਾਹਨ ਸਿੰਘ ਤੇ ਭਾਈ ਅਰਜਨ ਸਿੰਘ ਬਾਗੜੀਆਂ ਨੇ ਖਰੜੇ ਦੀਆਂ ਕਈ ਗੱਲਾਂ ਬਾਰੇ ਆਪਣੀ ਸੰਮਤੀ ਦਿਤੀ। ਉਹ ਅਸੀਂ ਨੋਟ ਕਰ ਲਈ। ਰਹਿਤ ਮਰਯਾਦਾ ਵਿਚ ਜਦ ਤਖਤਾਂ ਦਾ ਜ਼ਿਕਰ ਆਇਆ, ਭਾਈ ਕਾਹਨ ਸਿੰਘ ਤੇ ਭਾਈ ਸਾਹਿਬ ਬਾਗੜੀਆਂ ਨੇ ਚਾਰ ਤਖਤ ਹੀ ਮੰਨੇ, ਜਿਹੜੇ ਇਤਿਹਾਸਕ ਤੌਰ ਤੇ ਪੁਰਾਤਨ ਸਮੇਂ ਤੋਂ ਮੰਨੇ ਜਾਂਦੇ ਹਨ।

(ਗਿ, ਅੰਮ੍ਰਿਤ ਅਗਸਤ ੧੯੬੩)

ਚੋਟੀ ਦੇ ਪੰਥਕ ਵਿਦਵਾਨਾਂ ਤੇ ਸੰਸਥਾਵਾਂ ਦੀਆਂ ਰਾਵਾਂ ਲੈਣ ਦੇ ਬਾਹਦ ਫਿਰ ਸ਼ਰੋਮਣੀ ਕਮੇਟੀ ਨੇ ਇਹ 'ਰਹਿਤ ਮਰਯਾਦਾ ਪਾਸ ਕੀਤੀ ਤੇ ਗੁਰਦਵਾਰਿਆਂ ਵਿਚ ਇਸ ਅਨੁਸਾਰ ਵਰਤੋਂ ਕਰਨ ਲਈ ਪਰੇਰਿਆ।

ਸੰਨ ੧੯੫੦ ਵਿਚ ਇਹ 'ਰਹਿਤ ਮਰਯਾਦਾ' ਪਹਿਲੀ ਵੇਰ ਪੰਜ ਹਜ਼ਾਰ ਦੀ ਗਿਣਤੀ ਵਿਚ ਪ੍ਰਕਾਸ਼ਤ ਕੀਤੀ ਗਈ। ਮਈ ੧੯੬੧ ਤੀਕ ਇਸ ਦੀਆਂ ਛੇ ਐਡੀਸ਼ਨਾਂ ਛਪ ਚੁਕੀਆਂ ਹਨ। ਇਸ ਰਹਿਤ ਮਰਯਾਦਾ



Digitized by Panjab Digital Library | www.panjabdigilib.org

ਦੇ ਸਫ਼ਾ ੧੨ ਉਤੇ ਇਹ ਸ਼ਬਦ ਦਰਜ ਹਨ-

'ਚੌਹਾਂ ਤਖ਼ਤਾਂ, ਸਰਬਤ ਗੁਰਦਵਾਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ'।

ਫਿਰ ਰਹਿਤ ਮਰਯਾਦਾ ਦੇ ਸਫ਼ਾ ੧੬ ਉਤੇ ਸਪਸ਼ਟ ਕਰਦੇ ਹੋਏ 'ਗੁਰਦਵਾਰੇ' ਦੇ ਸਿਰਲੇਖ ਹੇਠਾਂ ਅੰਕ (ਟ) ਵਿਚ ਲਿਖਿਆ ਹੈ-

ਤਖ਼ਤ ਚਾਰ ਹਨ-(੧) ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ, (੨) ਤਖ਼ਤ ਸ੍ਰੀ ਪਟਨਾ ਸਾਹਿਬ, (੩) ਸ੍ਰੀ ਕੇਸ ਗੜ੍ਹ ਅਨੰਦ ਪੁਰ, (੪) ਸ੍ਰੀ ਹਜ਼ੂਰ ਸਾਹਿਬ ਨਾਦੇੜ।

ਇਸ ਤੋਂ ਸਪਸ਼ਟ ਹੈ ਕਿ ਸ਼ਰੋਮਣੀ ਗੁ. ਪ੍ਰ. ਕਮੇਟੀ ਨੇ 'ਰਹਿਤ ਮਰਯਾਦਾ' ਵਿਚ ੪ ਤਖ਼ਤ ਹੀ ਮੰਨੇ ਹਨ। ਦਮਦਮੇ ਸਾਹਿਬ ਨੂੰ ਕਦੀ ਤਖ਼ਤ ਨਹੀਂ ਮੰਨਿਆ। ਅਜ ਉਸ ਪ੍ਰਵਾਨ ਕੀਤੀ ਰਹਿਤ ਮਰਯਾਦਾ ਦੇ ਦੇ ਉਲਟ ਕਿਸ ਤਰ੍ਹਾਂ ਸ਼ਰੋਮਣੀ ਕਮੇਟੀ ਜਾਂ ਸੰਤ ਫਤਹਿ ਸਿੰਘ ਜੀ ਦਮਦਮੇ ਸਾਹਿਬ ਨੂੰ ਤਖ਼ਤ ਪ੍ਰਗਟ ਕਰਦੇ ਹਨ ? ਸਰੋਮਣੀ ਕਮੇਟੀ ਦੇ ਸਕੱਤ੍ਰ ਸਾਹਿਬ ਆਪਣੀ ਰਹਿਤ ਮਰਯਾਦਾ ਦੇ ਉਲਟ ਕਿਸ ਤਰ੍ਹਾਂ ਬਿਆਨ ਦੇ ਸਕਦੇ ਹਨ ?

ਰਹਿਤ ਮਰਯਾਦਾ ਪਰ ਵਿਚਾਰ ਕਰਨ ਵਾਲੀ ਸਬ ਕਮੇਟੀ ਵਿਚ ਭਾਈ ਕਾਹਨ ਸਿੰਘ ਜੀ ਨਾਭਾ, ਗਿ. ਸ਼ੇਰ ਸਿੰਘ ਜੀ, ਪਰੋਫੈਸਰ ਸ਼ੇਰ ਸਿੰਘ ਜੀ, ਗਿ: ਲਾਲ ਸਿੰਘ ਐਮ. ਏ. (ਇਸ ਵਕਤ ਪੰਜਾਬੀ ਵਿਭਾਗ ਦੇ ਡਾਰੈਕਟਰ), ਸੰਤ ਗੁਲਾਬਸਿੰਘ ਘੋਲੀਆ, ਪੰ: ਕਰਤਾਰਸਿੰਘ ਦਾਖਾ ਆਦਿਕ ਮੁਖੀ ਮਾਲਵੇ ਦੇ ਸਨ। ਜੇ ਦਮਦਮਾ ਸਾਹਿਬ ਤਖ਼ਤ ਹੁੰਦਾ ਤਾਂ ਉਨ੍ਹਾਂ ਨੇ ਆਪਣੀ ਸੰਮਤੀ ਦਮਦਮੇ ਸਾਹਿਬ ਨੂੰ ਤਖ਼ਤ ਬਨਾਉਣ ਲਈ ਦੇਣੀ ਸੀ।

ਭਾਈ ਕਾਹਨ ਸਿੰਘ ਜੀ ਲਿਖਣ ਵਿਚ ਅਤੇ ਗਿ: ਸ਼ੇਰ ਸਿੰਘ ਜੀ ਲਿਖਣ ਤੇ ਬੋਲਣ ਦੋਹਾਂ ਗਲਾਂ ਵਿਚ ਸਿੰਘ ਸਭਾ ਲਹਿਰ ਅਤੇ ਅਕਾਲੀ ਲਹਿਰ ਦੇ ਸਮੇਂ ਚੋਟੀ ਦੇ ਵਿਦਵਾਨ ਸਨ। ਗਿ: ਸ਼ੇਰ ਸਿੰਘ ਜੀ ਸ਼ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਦੇ ਮੈਂਬਰ, ਪ੍ਰਚਾਰ ਬਰਾਂਚ ਦੇ ਇੰਚਾਰਜ ਤੇ ਸ਼ਰੋਮਣੀ ਕਮੇਟੀ ਵਿਚ ਸਰਦਾਰ ਬਹਾਦਰ ਪਾਰਟੀ ਦੇ ਲੀਡਰ ਸਨ।



Digitized by Panjab Digital Library | www.panjabdigilib.org

ਬਹੁਤ ਉਚੇ ਦਰਜੇ ਦੇ ਲੈਕਚਰਾਰ, ਗੁਰਬਾਣੀ ਦੀ ਕਥਾ ਤੇ ਸਿਖ ਧਰਮ ਬਾਰੇ ਅਨਮਤੀਆਂ ਨਾਲ ਬਹਿਸ ਮੁਬਾਹਸਾ ਕਰਨ ਵਾਲੇ ਸਨ।

ਜੇ ਦਮਦਮਾ ਸਾਹਿਬ ਤਖਤ ਹੁੰਦਾ ਤਾਂ ਗਿਆਨੀ ਸ਼ੇਰ ਸਿੰਘ ਜੀ ਰਹਿਤ ਮਰਯਾਦਾ ਪਾਸ ਕਰਨ ਸਮੇਂ ਜ਼ਰੂਰ ਦਮਦਮੇ ਸਾਹਿਬ ਨੂੰ ਤਖਤ ਬਨਾਉਣ ਲਈ ਡਟਦੇ। ਭਾਈ ਕਾਹਨ ਸਿੰਘ ਤੇ ਪਰੋਫੈਸਰ ਸ਼ੇਰ ਸਿੰਘਇਸ ਨੂੰ ਤਖਤ ਲਿਖਦੇ। ਪੰਜਾਬ ਕੌਂਸਲ ਵਿਚ ਗੁ: ਐਕਟ ਪੇਸ਼ ਕਰਨ ਵਾਲੇ ਸ: ਤਾਰਾ ਸਿੰਘ ਮੋਗਾ ਅਤੇ ਸ: ਕਰਤਾਰ ਸਿੰਘ ਫੀਰੋਜ਼ਪੁਰ, ਇਲਾਕੇ ਦੇ ਦ੍ਰਿਸ਼ਟੀ ਕੋਣ ਤੋਂ ਹੀ ਦਮਦਮੇ ਸਾਹਿਬ ਨੂੰ ਗੁ: ਐਕਟ ੧੯੨੫ ਵਿਚ ਤਖਤ ਦਰਜ ਕਰਵਾਉਂਦੇ, ਪਰ ਉਨ੍ਹਾਂ ਨੇ ਇਹ ਨਹੀਂ ਕੀਤਾ।

ਅਜ ਗਿਆਨੀ ਗੁਰਦਿਤ ਸਿੰਘ ਦਾ ਇਹ ਲਿਖਣਾ ਕਿ ਦਮਦਮਾ ਸਾਹਿਬ ਤਖਤ ਹੈ, ਸ਼੍ਰੋਮਣੀ ਕਮੇਟੀ ਦੀ ਪਾਸ ਕੀਤੀ ਹੋਈ 'ਰਹਿਤ ਮਰਯਾਦਾ' ਦੇ ਉਲਟ ਹੈ। ਮਾਲਵੇ ਦੇ ਪਰਸਿਧ ਵਿਦਵਾਨ ਭਾਈ ਕਾਹਨ ਸਿੰਘ ਜੀ ਨਾਭਾ, ਗਿਆਨੀ ਸ਼ੇਰ ਸਿੰਘ ਜੀ, ਪਰੋਫੈਸਰ ਸ਼ੇਰ ਸਿੰਘ ਜੀ ਐਮ. ਏ., ਸੰਤ ਗੁਲਾਬ ਸਿੰਘ ਜੀ ਘੋਲੀਆ ਦੀ ਰਾਇ ਦੇ ਉਲਟ ਹੈ। ਇਸ ਨੂੰ ਪਰਵਾਨ ਨਹੀਂ ਕੀਤਾ ਜਾ ਸਕਦਾ।



Digitized by Panjab Digital Library | www.panjabdigilib.org

## ੫.

# ਮਨਘੜਤ ਦਲੀਲਾਂ ਦਾ ਉਤਰ

ਇਹ ਇਕ ਹਕੀਕਤ ਹੈ ਕਿ ਖਾਲਸਾ ਪੰਥ ਨੇ ਸ੍ਰੀ ਦਸਮੇਸ ਜੀ ਦੇ ਸਮੇਂ ਤੋਂ ਲੈ ਕੇ ਅਜ ਤੀਕ ਇਤਿਹਾਸਕ, ਰਵਾਇਤੀ ਜਾਂ ਅਮਲੀ ਤੌਰ ਤੇ ਦਮਦਮੇ ਸਾਹਿਬ ਨੂੰ ਕਦੀ ਚੌਥਾ ਜਾਂ ਪੰਜਵਾਂ ਤਖਤ ਨਹੀਂ ਮੰਨਿਆ, ਬਲਕਿ ਸਤਿਗੁਰੂ ਦੇ ਵਰ ਦਾਨ ਅਨੁਸਾਰ ਇਸ ਨੂੰ 'ਗੁਰੂ ਕੀ ਕਾਂਸ਼ੀ' ਮੰਨਿਆ ਹੈ। ਕੁਝ ਸਜਣਾਂ ਵਲੋਂ ਉਸ ਨੂੰ ਨਵਾਂ ਤਖਤ ਬਨਾਉਣ ਜਾਂ ਪ੍ਰਗਟ ਕਰਨ ਦੀ ਜੋ ਕੋਸ਼ਸ਼ ਕੀਤੀ ਗਈ ਹੈ,ਉਹ ਸਿਰੇ ਨਹੀਂ ਚੜ੍ਹ ਸਕਦੀ, ਕਿਉਂਕਿ ਕੋਈ ਬਨਾਉਟੀ ਚੀਜ਼ ਅਸਲੀ ਚੀਜ਼ ਦਾ ਟਾਕਰਾ ਨਹੀਂ ਕਰ ਸਕਦੀ। ਉਹ ਜਨਤਾ ਦੇ ਮਨਾਂ ਵਿਚ ਨਹੀਂ ਵਸ ਸਕਦੀ। ਫਿਰ ਵੀ ਅਸੀਂ ਨਵੇਂ ਤਖਤ ਦੇ ਢੋਹੜੇ ਜੇਹੇ ਹਾਮੀਆਂ ਦੀਆਂ ਉਨ੍ਹਾਂ ਸਮੂਹ ਮਨਘੜਤ ਤੇ ਕਲਪਤ ਦਲੀਲਾਂ ਦਾ ਉਤਰ ਦੇਣਾ ਮੁਨਾਸਬ ਸਮਝਦੇ ਹਾਂ, ਜੋ ਦਮਦਮਾ ਸਾਹਿਬ ਗੁਰੂ ਕੀ ਕਾਂਸ਼ੀ ਦਾ ਰੂਪ ਬਦਲਣਾ ਚਾਹੁੰਦੇ ਹਨ। ਇਹ ਵੀ ਦਸਾਂਗੇ ਕਿ ਇਸ ਦੀ ਤਹਿ ਵਿਚ ਰਾਜ਼ ਕੀ ਹੈ? ਇਸ ਦੇ ਮੂਲ ਕਾਰਨ ਕੀ ਹਨ?

ਗਿ: ਗੁਰਦਿਤ ਸਿੰਘ ਐਡੀਟਰ 'ਪ੍ਰਕਾਸ਼' ਲਿਖਦੇ ਹਨ–

੧. ਸ੍ਰੀ ਗੁਰੂ ਗਰੰਥ ਸਾਹਿਬ ਦੀ ਪ੍ਰਮਾਣੀਕ ਬੀੜ ਤਿਆਰ ਕਰਨ ਦਾ ਫੈਸਲਾ ਕਿਥੇ ਹੋਇਆ ਸੀ?

੨. ਦਸਮ ਗਰੰਥ ਦੀ ਬੀੜ ਇਕ ਜਾਂ ਵਖੋ ਵਖਰੇ ਭਾਗਾਂ ਵਿਚ



Digitized by Panjab Digital Library | www.panjabdigilib.org

ਵੰਡਣ ਦਾ ਫੈਸਲਾ ਕਿਥੇ ਹੋਇਆ ਸੀ ?

ਇਸ ਦਾ ਉਤਰ ਇਹ ਹੈ ਕਿ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ ਬਾਰੇ ਕੋਈ ਝਗੜਾ ਨਹੀਂ ਸੀ, ਜਿਸ ਦਾ ਫੈਸਲਾ ਦਮਦਮੇ ਸਾਹਿਬ ਹੋਇਆ ਹੈ। ਜੇ ਇਸ ਨੂੰ ਤਖਤ ਲਈ ਦਲੀਲ ਮੰਨਿਆ ਜਾਵੇ ਤਾਂ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ ਤਿਆਰ ਕਰਨ ਦਾ ਫੈਸਲਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਰਾਮ ਸਰ (ਅੰਮ੍ਰਿਤਸਰ) ਵਿਖੇ ਕੀਤਾ। ਉਥੇ ਹੀ ਭਾਈ ਗੁਰਦਾਸ ਜੀ ਤੋਂ ਪਾਵਨ ਬੀੜ ਲਿਖਵਾਈ। ਦਮਦਮੇ ਸਾਹਿਬ ਵਿਚ ਤਾਂ ਦਸਮ ਪਾਤਸ਼ਾਹ ਨੇ ਬੀੜ ਤਿਆਰ ਕਰਨ ਦਾ ਫੈਸਲਾ ਨਹੀਂ ਕੀਤਾ, ਬਲਕਿ ਆਦਿ ਬੀੜ ਨਾ ਮਿਲਣ ਕਰਕੇ ਆਪਣੇ ਆਤਮਿਕ ਅਨੁਭਵ ਦਵਾਰਾ ਬੀੜ ਦਾ ਉਤਾਰਾ ਲਿਖਵਾਇਆ ਹੈ।

ਜੇ ਬੀੜ ਦੇ ਤਿਆਰ ਹੋਣ ਦੀ ਦਲੀਲ ਨੂੰ ਮੰਨਿਆ ਜਾਏ ਤਾਂ ਸ੍ਰੀ ਰਾਮ ਸਰ ਵੀ ਤਖਤ ਹੋਣਾ ਚਾਹੀਦਾ ਹੈ, ਕਿਉਂਕਿ ਉਥੇ ਆਦਿ ਬੀੜ ਲਿਖਵਾਈ ਗਈ ਸੀ। ਸ੍ਰੀ ਹਰਿਮੰਦਰ ਸਾਹਿਬ ਵਿਚ ਉਸ ਦਾ ਪਹਿਲਾ ਪ੍ਰਕਾਸ਼ ਕੀਤਾ ਗਿਆ। ਫਿਰ ਆਦਿ ਬੀੜ ਕਰਤਾਰਪੁਰੀਏ ਸੋਢੀਆਂ ਕੋਲ ਚਲੀ ਗਈ, ਜਿਸ ਦਾ ਉਤਾਰਾ ਕਰਨ ਲਈ ਬਾਬਾ ਦੀਪ ਸਿੰਘ ਜੀ ਸ਼ਹੀਦ ਕਰਤਾਰ ਪੁਰ ਗਏ। ਉਨ੍ਹਾਂ ਨੂੰ ਜਦ ਸੋਢੀਆਂ ਨੇ ਬੀੜ ਦਾ ਉਤਾਰਾ ਕਰਨ ਦੀ ਆਗਿਆ ਨਾ ਦਿੱਤੀ, ਉਸ ਵਕਤ ਬਾਬਾ ਜੀ ਨੇ ਭੁਖ ਹੜਤਾਲ ਕੀਤੀ। ਇਸ ਤੇ ਕਰਤਾਰ ਪੁਰ ਵਾਲੀ ਆਦਿ ਬੀੜ ਦਾ ਉਤਾਰਾ ਕਰਨ ਦੀ ਆਗਿਆ ਮਿਲੀ। ਹੋਰ ਵੀ ਕਈ ਥਾਂਈ ਬੀੜਾਂ ਲਿਖੀਆਂ ਗਈਆਂ ਹਨ। ਇਸ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ, ਕਰਤਾਰ ਪੁਰ ਤੇ ਹੋਰ ਕਈ ਥਾਂ ਵੀ ਤਖਤ ਮੰਨੇ ਜਾਣੇ ਚਾਹੀਦੇ ਹਨ।

ਗਿਆਨੀ ਗਿਆਨ ਸਿੰਘ ਤੇ ਕਈ ਹੋਰ ਲੇਖਕਾਂ ਨੇ ਲਿਖਿਆ ਹੈ ਕਿ ਦਮਦਮੇ ਸਾਹਿਬ ਵਿਚ ਸ੍ਰੀ ਦਸਮੇਸ ਜੀ ਨੇ ਨੌਵੇਂ ਪਾਤਸ਼ਾਹ ਦੀ ਬਾਣੀ ਬੀੜ ਵਿਚ ਚੜ੍ਹਾਈ, ਪਰ ਇਹ ਗਲ ਖੋਜ ਤੋਂ ਦਰੁਸਤ ਨਹੀਂ ਸਾਬਤ ਹੁੰਦੀ। ਦਮਦਮੇ ਸਾਹਿਬ ਦੀ ਬੀੜ ਲਿਖਵਾਉਣ ਤੋਂ ਪਹਿਲੇ ਦੀਆਂ ਕਈ ਹਥ ਲਿਖਤ ਬੀੜਾਂ ਮਿਲਦੀਆਂ ਹਨ, ਜਿਨ੍ਹਾਂ ਵਿਚ ਨੌਵੇਂ ਪਾਤਸ਼ਾਹ ਦੀ



Digitized by Panjab Digital Library | www.panjabdigilib.org

ਬਾਣੀ ਦਰਜ ਹੈ । ਉਦਾਹਰਣ ਲਈ ਡਾਕਟਰ ਗੰਡਾ ਸਿੰਘ ਆਪਣੇ 'ਅਫ਼ਗਾਨੀ ਸਫਰਨਾਮੇ' ਤੇ ਇਤਿਹਾਸਕ ਪਤ੍ਰ ੧੯੫੨-੫੩ ਈ: ਦੇ ਸਫਾ ੧੬ ਉਤੇ ਲਿਖਦੇ ਹਨ-

'ਭਾਰਤ ਤੋਂ ਬਾਹਰ ਕੰਧਾਰ ਸ਼ਹਿਰ ਵਿਚ ਧਰਮਸਾਲਾ ਬਾਬਾ ਸ੍ਰੀ ਚੰਦ ਜੀ ਵਿਖੇ ਸੰਮਤ ੧੭੨੫ ਹਾੜ ਸੁਦੀ ੫, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਦੀ ਲਿਖੀ ਹੋਈ ਬੀੜ ਮੌਜੂਦ ਹੈ, ਜਿਸ ਵਿਚ ਨੌਵੇਂ ਪਾਤਸ਼ਾਹ ਦੀ ਬਹੁਤ ਸਾਰੀ ਬਾਣੀ ਦਰਜ ਹੈ ।'

ਇਸੇ ਤਰ੍ਹਾਂ ਸ੍ਰੀ ਜੀ. ਬੀ. ਸਿੰਘ ਨੇ ਆਪਣੀ ਪੁਸਤਕ 'ਪਰਾਚੀਨ ਬੀੜਾਂ' ਵਿਚ ਤਿੰਨ ਬੀੜਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਚੋਂ ਦੋ ਬੀੜਾਂ ਸੰਮਤ ੧੭੩੨ ਬਿ: ਅਰਥਾਤ ਨੌਵੇਂ ਪਾਤਸ਼ਾਹ ਦੀ ਸ਼ਹੀਦੀ ਤੋਂ ਪਹਿਲੇ ਦੀਆਂ ਹਨ । ਉਨ੍ਹਾਂ ਵਿਚ ਨੌਵੇਂ ਪਾਤਸ਼ਾਹ ਦੀ ਬਾਣੀ ਦਰਜ ਹੈ ।

(ਦੇਖੋ ਗਿ. ਅੰਮ੍ਰਿਤ ਜਨਵਰੀ ੧੯੬੬ ਪੰਨਾ ੨੮)

ਇਥੇ ਅਸੀਂ ਤਖਤਾਂ ਦੀ ਇਕ ਰਵਾਇਤੀ ਮਰਯਾਦਾ ਦਸਣਾ ਚਾਹੁੰਦੇ ਹਾਂ । ਉਹ ਇਹ ਕਿ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਕੇਸ ਗੜ੍ਹ ਸਾਹਿਬ, ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਦਸਵੇਂ ਪਾਤਸ਼ਾਹ, ਬਾਬਾ ਦੀਪ ਸਿੰਘ ਜੀ ਤੇ ਬਾਬਾ ਗੁਰਬਖਸ਼ ਸਿੰਘ ਜੀ ਦੇ ਸ਼ਸਤਰ ਬਸਤਰ ਤੇ ਹੋਰ ਕਈ ਚੀਜਾਂ ਸਦੀਆਂ ਤੋਂ ਸੁਰਖਿਅਤ ਚਲੀਆਂ ਆ ਰਹੀਆਂ ਹਨ । ਜੇ ਦਮਦਮਾ ਸਾਹਿਬ ਤਖਤ ਹੁੰਦਾ ਤਾਂ ਦਸਮ ਪਾਤਸ਼ਾਹ ਨੇ ਜੋ ਬੀੜ ਭਾਈ ਮਨੀ ਸਿੰਘ ਜੀ ਤੇ ਬਾਬਾ ਦੀਪ ਸਿੰਘ ਜੀ ਤੋਂ ਲਿਖਵਾਈ ਸੀ, ਉਹ ਦਮਦਮੇ ਸਾਹਿਬ ਜ਼ਰੂਰ ਸੁਰਖਿਅਤ ਹੁੰਦੀ । ਪਰ ਇਤਿਹਾਸਕਾਰ ਦਸਦੇ ਹਨ ਕਿ ਉਹ ਪਾਵਨ ਬੀੜ ਖਾਲਸਾ ਦਲ ਪਾਸ ਸੀ । ਕੁਪ ਰਹੀੜੇ ਦੇ ਮੈਦਾਨ ਵਿਚ ਵਡੇ ਘਲੂ ਘਾਰੇ ਸਮੇਂ ਉਹ ਬੀੜ ਕਿਤੇ ਜਾਂਦੀ ਰਹੀ । ਇਹ ਵੀ ਇਸ ਗੱਲ ਦਾ ਸਬੂਤ ਹੈ ਕਿ ਦਮਦਮਾ ਸਾਹਿਬ ਤਖਤ ਨਹੀਂ ਸੀ, ਇਸ ਲਈ ਖਾਲਸਾ ਦਲ ਉਸ ਬੀੜ ਨੂੰ ਨਾਲ ਰਖਦਾ ਸੀ ।

ਬਾਕੀ ਰਹੀ ਦਸਮ ਗਰੰਥ ਦੀ ਗੱਲ । ਇਹ ਦਸਮ ਪਾਤਸ਼ਾਹ ਦੇ



Digitized by Panjab Digital Library | www.panjabdigilib.org

ਜੋਤੀ ਜੋਤ ਸਮਾਉਣ ਦੇ ਬਾਹਦ ਭਾਈ ਮਨੀ ਸਿੰਘ ਜੀ ਨੇ ਤਿਆਰ ਕੀਤਾ।

ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਦੇ ਪੰਨਾ ੨੫੬ ਪਰ ਭਾਈ ਮਨੀ ਸਿੰਘ ਜੀ ਦੇ ਦਸਮ ਗਰੰਥ ਲਿਖਣ ਦਾ ਪਰਸੰਗ ਵਰਣਨ ਕਰਦੇ ਹੋਏ ਲਿਖਦੇ ਹਨ—

ਸਤਾਰਾਂ ਸੈ ਅਠਤਰੇ ਸਾਲ।
ਪੰਥ ਇਕਠਾ ਭਯੋ ਬਿਸਾਲ।
ਨਿਤ ਪ੍ਰਤਿ ਤਖ਼ਤ ਅਕਾਲ ਅਗਾਰੀ।
ਲਗੇ ਦੀਵਾਨ ਪੰਥ ਕੇ ਭਾਰੀ।
ਮਨੀ ਸਿੰਘ ਗੁਰਬਾਣੀ ਕੇਰੀ।
ਕਥਾ ਸੁਣਾਵੈਂ ਨਿਤ ਬਥੇਰੀ।
ਸਾਖੀ ਅਨਿਕ ਰਚਾਇ ਸੁਨਾਵੈ।
ਜਾਤੇ ਸਿਖੀ ਮਤ ਦ੍ਰਿੜ ਥਾਵੈ।

ਦੋਹਰਾ ॥

ਇਕ ਦਿਨ ਆਗਿਆ ਪੰਥ ਕੀ ਮਨੀ ਸਿੰਘ ਜੀ ਪਾਇ।
ਬਾਣੀ ਦਸਵੇਂ ਗੁਰੂ ਕੀ ਸੰਗ੍ਰਹਿ ਕਰ ਧਰ ਭਾਇ।

ਚੌਪਈ॥

ਏਕ ਜਿਲਦ ਮੈ ਦੀਨੀ ਕਰ ਹੈ।
ਤਿਸ ਕਾ ਭੋਗ ਹਕਾਇਤ ਪਰ ਹੈ।
ਦੂਸਰੇ ਬੀੜ ਦਮਦਮੇ ਭਾਈ।
ਦੀਪ ਸਿੰਘ ਸ਼ਹੀਦ ਰਚਾਈ।
ਸੰਮਤ ਅਠਾਰਾਂ ਸੈ ਤੇ ਚਾਰ।
ਮਧ ਕਰਯੋ ਉਸ ਯਿਹ ਉਪਕਾਰ।

ਭਾਵ-ਸੰਮਤ ੧੭੭੮ ਵਿਚ ਪੰਥ ਸ੍ਰੀ ਅੰਮ੍ਰਿਤਸਰ ਵਿਚ ਇਕਠਾ ਹੋਇਆ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਜ਼ੂਰ ਭਾਰੀ ਦੀਵਾਨ ਲਗਦੇ, ਉਨ੍ਹਾਂ ਵਿਚ ਭਾਈ ਮਨੀ ਸਿੰਘ ਗੁਰਬਾਣੀ ਤੇ ਗੁਰੂ ਘਰ ਦੀਆਂ ਸਾਖੀਆਂ ਸੁਣਾਉਂਦੇ, ਜਿਨ੍ਹਾਂ ਨਾਲ ਗੁਰਸਿਖੀ ਮਤਿ ਦ੍ਰਿੜ ਹੋਵੇ।



Digitized by Panjab Digital Library | www.panjabdigilib.org

ਭਾਈ ਸਾਹਿਬ ਨੇ ਪੰਥ ਦੀ ਆਗਿਆ ਨਾਲ ਅੰਮ੍ਰਿਤਸਰ ਵਿਚ ਦਸਮ ਪਾਤਸ਼ਾਹ ਦੀ ਬਾਣੀ ਸੰਗ੍ਰਹਿ ਕਰਕੇ ਦਸਮ ਗਰੰਥ ਦੀ ਬੀੜ ਤਿਆਰ ਕੀਤੀ। ਜਿਸ ਦਾ ਭੋਗ ਹਕਾਇਤਾਂ ਪਰ ਪਾਇਆ ਗਿਆ। ਦਸਮ ਗਰੰਥ ਦੀ ਦੂਜੀ ਬੀੜ ਬਾਬਾ ਦੀਪ ਸਿੰਘ ਨੇ ਸੰਮਤ ੧੮੦੪ ਬਿ: ਵਿਚ ਲਿਖੀ।

ਦਸਮ ਗਰੰਥ ਦੀ ਬੀੜ ਪਰ ਦਮਦਮੇ ਸਾਹਿਬ ਕਿਉਂ ਵਿਚਾਰ ਹੋਈ ? ਇਸ ਲਈ ਕਿ ਉਸ ਸਮੇਂ ਮੱਧ ਪੰਜਾਬ ਦੇ ਇਲਾਕਿਆਂ ਵਿਚ ਸਿੰਘਾਂ ਲਈ ਰਹਿਣਾ ਕਠਨ ਸੀ। ਮਾਲਵੇ ਦੇ ਇਲਾਕੇ ਵਿਚ ਸਿਖਾਂ ਦੀ ਕਾਫੀ ਗਿਣਤੀ ਸੀ। ਉਜਾੜ ਤੇ ਬੀਆਬਾਨ ਹੋਣ ਕਰਕੇ ਕੋਹਾਂ ਵਿਚ ਪਾਣੀ ਨਹੀਂ ਸੀ ਮਿਲਦਾ। ਖੇਤੀ ਬਾੜੀ ਨਹੀਂ ਸੀ ਹੁੰਦੀ। ਸਾਬੋਕੀ ਤਲਵੰਡੀ ਜਾਂ ਬੁਢਾ ਜੌਹੜ (ਬੀਕਾਨੇਰ) ਜਿਥੇ ਸੰਤ ਫਤਹਿ ਸਿੰਘ ਜੀ ਨੇ ਗੁਰਦਵਾਰਾ ਬਣਾਇਆ ਹੈ, ਸਿੰਘ ਜਾ ਕੇ ਪਨਾਹ ਲੈਂਦੇ ਸਨ। ਮੁਗਲ ਜਾਂ ਅਬਦਾਲੀ ਸੌਖੇ ਉਥੇ ਪੁਜ ਨਹੀਂ ਸਕਦੇ ਸਨ। ਇਸ ਲਈ ਦਮਦਮੇ ਸਾਹਿਬ ਵਿਚ ਇਕਠ ਹੋਣੇ ਕੁਦਰਤੀ ਸਨ।

ਭਾਈ ਮਨੀ ਸਿੰਘ ਜੀ ਨੇ ਦਸਮ ਗਰੰਥ ਦੀ ਜੋ ਬੀੜ ਲਿਖੀ, ਉਸ ਪਰ ਦਮਦਮੇ ਸਾਹਿਬ ਦੀਵਾਨ ਵਿਚ ਵੀਚਾਰ ਕੀਤੀ ਗਈ, ਪਰ ਕੋਈ ਫੈਸਲਾ ਨਾ ਹੋ ਸਕਿਆ। ਉਸ ਵਕਤ ਅੰਮ੍ਰਿਤਸਰੋਂ ਇਤਲਾਹ ਮਿਲੀ ਕਿ ਮਸਾ ਰੰਘੜ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਕਰ ਰਿਹਾ ਹੈ। ਭਾਈ ਸੁਖਾ ਸਿੰਘ ਮਾੜੀ ਕੰਬੋਕੀ ਅਤੇ ਭਾਈ ਮਹਿਤਾਬ ਸਿੰਘ ਮੀਰਾਂ ਕੋਟ ਉਸ ਦੀਵਾਨ ਵਿਚ ਮੌਜੂਦ ਸਨ। ਉਨ੍ਹਾਂ ਨੇ ਕਿਹਾ, 'ਇਸ ਵਕਤ ਪੰਥ ਦੇ ਸਾਹਮਣੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਸਤਿਕਾਰ ਕਾਇਮ ਰਖਣ ਦੀ ਸਮਸਿਆ ਆ ਗਈ ਹੈ। ਇਸ ਲਈ ਦਸਮ ਗਰੰਥ ਬਾਰੇ ਬਹਿਸ ਬੰਦ ਕਰਨੀ ਚਾਹੀਦੀ ਹੈ। ਅਸੀਂ ਦੋਵੇਂ ਸ੍ਰੀ ਦਰਬਾਰ ਸਾਹਿਬ ਦੀ ਪਵਿਤ੍ਰਤਾ ਕਾਇਮ ਰਖਣ ਅਤੇ ਮਸੇ ਰੰਘੜ ਦਾ ਸਿਰ ਵਢਣ ਲਈ ਜਾਂਦੇ ਹਾਂ। ਜੇ ਅਸੀਂ ਆਪਣੇ ਉਦੇਸ਼ ਵਿਚ ਸਫਲ ਹੋ ਗਏ ਤਾਂ ਦਸਮ ਗਰੰਥ ਦੀ ਬੀੜ ਜਿਉਂ ਕੀ ਤਿਉਂ ਰਹਿਣ ਦੇਣੀ। ਜੇ ਸ਼ਹੀਦੀ ਪਾ ਗਏ ਤਾਂ ਜਿਵੇਂ



Digitized by Panjab Digital Library | www.panjabdigilib.org

ਪੰਥ ਦੀ ਮਰਜ਼ੀ ਹੋਵੇ ਕਰ ਲੈਣਾ।'

ਭਾਈ ਸੁਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਅੰਮ੍ਰਿਤਸਰ ਪੁਜੇ। ਉਹ ਮਸੇ ਰੰਘੜ ਨੂੰ ਦੰਡ ਦੇਣ ਵਿਚ ਸਫਲ ਹੋ ਗਏ। ਇਸ ਲਈ ਭਾਈ ਮਨੀ ਸਿੰਘ ਜੀ ਨੇ ਦਸਮ ਗਰੰਥ ਦੀ ਜੋ ਬੀੜ ਤਿਆਰ ਕੀਤੀ ਸੀ, ਉਹ ਕਾਇਮ ਰਹੀ।

ਇਹ ਆਪਤਿ ਕਾਲ ਦੀ ਵਾਰਤਾ ਹੈ। ਦਮਦਮੇ ਸਾਹਿਬ ਦੇ ਤਖਤ ਹੋਣ ਲਈ ਕੋਈ ਦਲੀਲ ਨਹੀਂ।

ਦਮਦਮੇ ਸਾਹਿਬ ਵਿਚ ਦਸਮ ਪਾਤਸ਼ਾਹ ਨੇ ਆਤਮਿਕ ਅਨੁਭਵ ਨਾਲ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ ਲਿਖਵਾਈ। ਇਥੇ ਹੀ ਇਕ ਦਿਨ ਦੀਵਾਨ ਵਿਚ ਬੈਠਿਆਂ ਕਲਮਾਂ ਘੜ ਕੇ ਸੁਟੀਆਂ। ਸੰਗਤ ਨੇ ਪੁਛਿਆ, 'ਹਜ਼ੂਰ ਹਮੇਸ਼ਾਂ ਸ਼ਸਤਰ ਬਸਤਰ ਬਖਸ਼ਦੇ ਸੀ, ਅਜ ਕਲਮਾਂ ਘੜ ਕੇ ਸੁਟਣ ਦਾ ਕੀ ਕਾਰਨ?'

ਦਸਮ ਪਾਤਸ਼ਾਹ ਨੇ ਉਤਰ ਦਿਤਾ—'ਮੇਰਾ ਕੋਈ ਸਿਖ ਅਨਪੜ੍ਹ ਨਹੀਂ ਰਹਿਣਾ ਚਾਹੀਦਾ। ਹਰੇਕ ਸਿਖ ਨੂੰ ਲਿਖਣਾ ਪੜ੍ਹਣਾ ਸਿਖਣਾ ਚਾਹੀਦਾ ਹੈ।'

ਜਿਥੇ ਸਤਿਗੁਰੂ ਨੇ ਕਲਮਾਂ ਸੁਟੀਆਂ ਸਨ. ਉਸ ਅਸਥਾਨ ਦਾ ਨਾਂ 'ਲਿਖਣ ਸਰ' ਪ੍ਰਚਲਤ ਹੋਇਆ।

ਸ੍ਰੀ ਦਸਮੇਸ਼ ਜੀ ਨੇ ਆਦਿ ਬੀੜ ਲਿਖਵਾਉਣ, ਕਲਮਾਂ ਘੜ ਕੇ ਸੁਟਣ, ਸਿਖੀ ਨੂੰ ਲਿਖਣ ਪੜ੍ਹਣ ਦਾ ਉਪਦੇਸ਼ ਕਰਨ ਦੇ ਕਾਰਨ ਹੀ ਦਮਦਮਾ ਸਾਹਿਬ (ਸਾਬੋਕੀ ਤਲਵੰਡੀ) ਨੂੰ 'ਗੁਰੂ ਕੀ ਕਾਂਸ਼ੀ' ਹੋਣ ਦਾ ਵਰ ਦਾਨ ਦਿਤਾ।

ਭਾਰਤ ਵਿਚ ਕਾਂਸ਼ੀ ਹਿੰਦੂ ਧਰਮ, ਸੰਸਕ੍ਰਿਤ ਵਿਦਿਆ ਅਤੇ ਸਾਹਿਤ ਦਾ ਕੇਂਦਰ ਮੰਨਿਆ ਗਿਆ ਹੈ। ਦਸਮ ਪਾਤਸ਼ਾਹ ਨੇ ਸਾਬੋਕੀ ਤਲਵੰਡੀ ਨੂੰ ਕਾਂਸ਼ੀ ਬਣਨ ਦਾ ਵਰ ਬਖਸ਼ਿਆ। ਵੈਸੇ ਸਾਬੋਕੀ ਤਲਵੰਡੀ ਨੌਂ ਸਤਿਗੁਰੂਆਂ ਦੇ ਸਮੇਂ ਇਕ ਸਾਧਾਰਨ ਪਿੰਡ ਸੀ। ਇਹ ਸਿਖ ਧਰਮ ਜਾਂ ਵਿਦਿਆ ਦਾ ਕੋਈ ਕੇਂਦਰ ਨਹੀਂ ਸੀ। ਏਥੇ ਕਾਂਸ਼ੀ, ਟੈਕਸਲਾ ਜਾਂ



Digitized by Panjab Digital Library | www.panjabdigilib.org

ਨਾਲੰਦਾ ਵਾਂਗ ਕੋਈ ਯੂਨੀਵਰਸਟੀ, ਸਕੂਲ ਜਾਂ ਕਾਲਜ ਨਹੀਂ ਸਨ। ਸ੍ਰੀ ਦਸਮੇਸ਼ ਜੀ ਨੇ ਆਪਣੀਆਂ ਸਾਹਿਤਕ ਸਰਗਰਮੀਆਂ ਕਾਰਨ ਇਸ ਨੂੰ 'ਗੁਰੂ ਕੀ ਕਾਂਸ਼ੀ' ਕਿਹਾ ਹੈ।

੩. ਦਮਦਮਾ ਸਾਹਿਬ ਨੂੰ ਨਵਾਂ ਤਖਤ ਪ੍ਰਗਟ ਕਰਨ ਦੇ ਕੁਝ ਹਾਮੀਆਂ ਨੇ ਇਹ ਦਲੀਲ ਘੜੀ ਹੈ ਕਿ ਸ੍ਰੀ ਦਸਮੇਸ਼ ਜੀ ਨੇ ਦਖਣ ਨੂੰ ਜਾਣ ਸਮੇਂ ਬਾਬਾ ਦੀਪ ਸਿੰਘ ਜੀ ਨੂੰ ਦਮਦਮੇ ਸਾਹਿਬ ਦਾ ਜਥੇਦਾਰ ਨੀਯਤ ਕੀਤਾ।

ਕੋਈ ਇਤਿਹਾਸ ਇਸ ਦੀ ਪੁਸ਼ਟੀ ਨਹੀਂ ਕਰਦਾ। ਸੰਨ ੧੮੭੬ ਈ: ਵਿਚ ਸ: ਅਮਰ ਸਿੰਘ ਭਦੌੜ ਅਤੇ ਸੰਨ ੧੯੫੦ ਵਿਚ ਖਾਲਸਾ ਸਮਾਚਾਰ ਅੰਮ੍ਰਿਤਸਰ ਨੇ ਸ੍ਰੀ ਦਸਮੇਸ਼ ਜੀ ਦੇ ਮਾਲਵਾ ਦੇਸ ਰਟਨ ਦੀਆਂ ਜੋ ਸਾਖੀਆਂ ਪ੍ਰਕਾਸ਼ਤ ਕੀਤੀਆਂ ਹਨ, ਉਨ੍ਹਾਂ ਵਿਚ ਇਹ ਗੱਲ ਨਹੀਂ ਲਿਖੀ ਹੋਈ।

੪. ਗਿ: ਗੁਰਦਿਤ ਸਿੰਘ ਤੇ ਉਨ੍ਹਾਂ ਦੇ ਕੁਝ ਸਾਥੀ ਇਹ ਵੀ ਕਹਿੰਦੇ ਹਨ ਕਿ ਸ੍ਰੀ ਅੰਮ੍ਰਿਤਸਰ ਤੇ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਸਮੇਂ ਬਾਬਾ ਦੀਪ ਸਿੰਘ ਜੀ ਦਮਦਮੇ ਸਾਹਿਬ ਤੋਂ ਅਰਦਾਸਾ ਕਰਕੇ ਸ਼ਹੀਦੀ ਪਾਉਣ ਲਈ ਤੁਰੇ ਸਨ, ਇਸ ਲਈ ਦਮਦਮਾ ਤਖਤ ਹੈ।

ਇਹ ਦਲੀਲ ਵੀ ਦਰੁਸਤ ਨਹੀਂ। ਬਾਬਾ ਜੀ ਗੁਰਬਾਣੀ ਲਿਖਣ ਲਈ ਸੁਰਖਿਅਤ ਥਾਂ ਸਮਝ ਕੇ ਏਥੇ ਠਹਿਰੇ ਹੋਏ ਸਨ। ਜਦ ਉਨ੍ਹਾਂ ਨੂੰ ਅੰਮ੍ਰਿਤਸਰ ਦੇ ਹਮਲੇ ਦਾ ਪਤਾ ਲਗਾ, ਉਹ ਦਮਦਮੇ ਸਾਹਿਬ ਤੋਂ ਤੁਰੇ। ਆਰੰਭ ਵਿਚ ਉਨ੍ਹਾਂ ਨਾਲ ਥੋੜੇ ਸਿੰਘ ਸਨ। ਰਸਤੇ ਵਿਚ ਹੋਰ ਮਿਲਦੇ ਗਏ। ਅੰਮ੍ਰਿਤਸਰ ਦੇ ਲਾਗੇ ਪੁਜਣ ਤੀਕ ਹਜ਼ਾਰਾਂ ਦੀ ਗਿਣਤੀ ਵਿਚ ਹੋ ਗਏ।

ਬਾਬਾ ਜੀ ਦਾ ਦਮਦਮੇ ਸਾਹਿਬ ਤੋਂ ਤੁਰਨਾ ਤਖਤ ਹੋਣ ਦੀ ਦਲੀਲ ਨਹੀਂ, ਕਿਉਂਕਿ ਬੰਦਾ ਬਹਾਦਰ ਤੇ ਮਿਸਲਾਂ ਦੇ ਸਮੇਂ ਸਿੰਘ ਵਖੋ ਵਖ ਥਾਵਾਂ ਤੋਂ ਜਥੇ ਬਣਾ ਕੇ ਜੰਗ ਲਈ ਤੁਰਦੇ ਰਹੇ। ਸ: ਸ਼ਾਮ ਸਿੰਘ ਅਟਾਰੀ ਸਭਰਾਵਾਂ ਦੇ ਜੰਗ ਵਿਚ ਜੂਝਣ ਲਈ ਪਿੰਡੋਂ ਅਰਦਾਸਾ ਸੋਧ ਕੇ



Digitized by Panjab Digital Library | www.panjabdigilib.org

ਤੁਰੇ ਸਨ।

੫. ਗਿ: ਗੁਰਦਿਤ ਸਿੰਘ ਲਿਖਦੇ ਹਨ–'ਗਿਆਨੀ ਜੀ (ਪ੍ਰਤਾਪ ਸਿੰਘ) ਨੇ ਲਿਖਿਆ ਹੈ ਕਿ ਅਕਾਲੀ ਲਹਿਰ ਦਾ ਮੁਢ ਅਕਾਲ ਤਖਤ ਤੋਂ ਬਝਿਆ ਅਤੇ ਜੈਤੋ ਦਾ ਮੋਰਚਾ ਇਥੋਂ ਹੀ ਲੜਿਆ ਗਿਆ। ਸ੍ਰੀ ਕੇਸ ਗੜ੍ਹ ਤੋਂ ਦੁਆਬੀਆਂ ਦਾ ਇਕ ਜਥਾ ਵੀ ਤੁਰਿਆ ਸੀ, ਪਰ ਦਮਦਮੇ ਸਾਹਿਬ ਤੋਂ ਕੋਈ ਜਥਾ ਨਹੀਂ ਤੁਰਿਆ। ਜੇ ਜਥੇ ਤੁਰਨ ਦੀ ਕਸਵੱਟੀ ਹੀ ਮੰਨ ਲਈ ਜਾਵੇ, ਤਾਂ ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਤੋਂ ਜਥੇ ਨਹੀਂ ਤੁਰੇ। ਤਦ ਤਾਂ ਸਿਖਾਂ ਦੇ ਦੋ ਹੀ ਤਖਤ ਰਹਿ ਜਾਂਦੇ ਹਨ। ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਜਥੇ ਨਾ ਤੁਰਨ ਦੇ ਬਾਵਜੂਦ ਵੀ ਤਖਤ ਹਨ। ਫਿਰ ਦਮਦਮਾ ਸਾਹਿਬ ਵੀ ਤਖਤ ਹੈ।'

ਇਹ ਦਲੀਲ ਨਹੀਂ ਢੁਚਰ ਹੈ। ਸਿਖਾਂ ਦੀ ਬਹੁ-ਗਿਣਤੀ ਪੰਜਾਬ ਵਿਚ ਸੀ। ਇਥੋਂ ਹੀ ਅਕਾਲੀ ਲਹਿਰ ਦਾ ਆਰੰਭ ਹੋਇਆ। ਏਥੇ ਹੀ ਮੋਰਚੇ ਲਗੇ। ਭਾਵੇਂ ਜਥੇ ਕਲਕਤਾ, ਕਨੇਡਾ ਤੇ ਸਿੰਘਾ ਪੁਰ ਤੋਂ ਵੀ ਆਏ। ਪਰ ੧੯੨੫ ਵਿਚ ਏਥੇ ਹੀ ਗੁ: ਐਕਟ ਬਣਿਆ। ਬਿਹਾਰ ਅਤੇ ਰਿਆਸਤ ਹੈਦਰਾਬਾਦ ਵਿਚ ਉਸ ਵਕਤ ਸਿਖਾਂ ਦੀ ਗਿਣਤੀ ਇਕ ਫੀ ਸਦੀ ਵੀ ਨਹੀਂ ਸੀ। ਉਥੋਂ ਜਥੇ ਕੀ ਚਲਦੇ ? ਦਮਦਮਾ ਸਾਹਿਬ ਤਾਂ ਰਿਆਸਤ ਪਟਿਆਲੇ ਤੇ ਪੰਜਾਬ ਵਿਚ ਸੀ, ਜਿਥੋਂ ਅਕਾਲੀ ਲਹਿਰ ਵਿਚ ਜਥੇ ਚਲਦੇ ਰਹੇ ਹਨ। ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਤਖਤ ਸਨ, ਉਹ ਗੁਰਦਵਾਰਾ ਐਕਟ ਵਿਚ ਤਖਤ ਮੰਨੇ ਗਏ। ਦਮਦਮਾ ਸਾਹਿਬ ਤਖਤ ਨਹੀਂ ਸੀ, ਇਸ ਲਈ ਨਾ ਇਥੋਂ ਜਥੇ ਚਲੇ, ਨਾ ਗੁ: ਐਕਟ ਵਿਚ ਤਖਤ ਮੰਨਿਆ ਗਿਆ।

੬. ਗਿ: ਗੁਰਦਿਤ ਸਿੰਘ ਲਿਖਦੇ ਹਨ–'ਗੁ: ਐਕਟ ਤੋਂ ਬਾਹਦ ਆਮ ਤੌਰ ਚਾਰ ਹੀ ਲਿਖੇ ਤੇ ਪ੍ਰਚਾਰੇ ਜਾਂਦੇ ਰਹੇ ਹਨ, ਕਿਉਂਕਿ ਇਸ ਕਾਨੂੰਨ ਵਿਚ ਤਖਤ ਦਮਦਮਾ ਸਾਹਿਬ ਸ਼ਾਮਲ ਨਹੀਂ ਸੀ ਕੀਤਾ ਗਿਆ। ਨਹੀਂ ਤਾਂ ਪਹਿਲਾਂ ਪੰਜ ਤਖਤ ਮੰਨੀਂਦੇ ਆਏ ਹਨ।'

(ਦੇਖੋ ਗਿ. ਅੰਮ੍ਰਿਤ ਅਕਤੂਬਰ ੧੯੬੪)



Digitized by Panjab Digital Library | www.panjabdigilib.org

ਇਹ ਬਿਲਕੁਲ ਗਲਤ, ਮਨਘੜਤ ਅਤੇ ਦਮਦਮੇ ਸਾਹਿਬ ਨੂੰ ਨਵਾਂ ਤਖਤ ਬਨਾਉਣ ਲਈ ਵਾਕ ਛਲ ਹੈ। ਸਾਡੇ ਇਤਿਹਾਸ, ਅਰਦਾਸ, ਰਵਾਇਤਾਂ ਅਤੇ ਗੁ: ਐਕਟ ਵਿਚ ੪ ਤਖਤ ਹੀ ਮੰਨੇ ਗਏ ਹਨ। ਸ੍ਰੀ ਅਕਾਲ ਤਖਤ ਸਾਹਿਬ ਛੇਵੀਂ ਪਾਤਸ਼ਾਹੀ ਤੋਂ ਲੈ ਕੇ ਹੁਣ ਤੀਕ ਮੁਖ ਤਖਤ ਮੰਨਿਆ ਜਾਂਦਾ ਹੈ।

ਗੁਰ ਬਿਲਾਸ ਪਾਤਸ਼ਾਹੀ ੧੦ ਭਾਈ ਸੁਖਾ ਸਿੰਘ ਨੇ ਸੰਮਤ ੧੮੫੪ ਬਿ: ਵਿਚ ਲਿਖਿਆ। ਉਸ ਵਿਚ ਸ੍ਰੀ ਦਸਮੇਸ਼ ਜੀ ਦੇ ਤਖਤ ਕੇਸ ਗੜ੍ਹ ਬਿਰਾਜਣ ਬਾਰੇ ਲਿਖਦੇ ਹਨ—

'ਬੀਤੀ ਨਿਸਾ ਭੋਰ ਹੋਇ ਆਯੋ।
ਸ੍ਰੀ ਦਿਨ ਮਣ ਚਲ ਤਖਤ ਸੁਹਾਯੋ।
ਪਰਮ ਜੋਤ ਸਾਹਿਬ ਸੁਖਦਾਈ।
ਬੈਠੇ ਸ੍ਰੀ ਕੇਸ ਗੜ੍ਹ ਆਈ।

ਅਗੇ ਚਲ ਕੇ ਚੌਪਈ ਵਿਚ ਭਾਈ ਸਾਹਿਬ ਲਿਖਦੇ ਹਨ—

ਆਦਿ ਸਰੂਪ ਖਾਲਸੇ ਵਾਸੀ।
ਅਚੁਤ ਕਹਯੋ ਆਪ ਅਬਨਾਸੀ।
ਊਚੋ ਅਧਿਕ ਪੱਬ ਬਰ ਭਾਰੀ।
ਤਾਂ ਪਰ 'ਤਖ਼ਤ' ਨਾਥ ਕਾ ਚਾਰੀ।

ਇਹ ਹਥ ਲਿਖਤ ਗੁਰ ਬਿਲਾਸ ਸ਼੍ਰੋਮਣੀ ਕਮੇਟੀ ਦੀ ਰੇਫ਼ਰੈਂਸ ਲਾਇਬਰੇਰੀ ਵਿਚ ਮੌਜੂਦ ਹੈ।

ਹੁਣ ਅਸੀਂ ਤਖਤ ਪਟਨਾ ਸਾਹਿਬ ਬਾਰੇ ਕੁਝ ਤਵਾਰੀਖੀ ਹਵਾਲੇ ਪੇਸ਼ ਕਰਦੇ ਹਾਂ।

ਈਸਟ ਇੰਡੀਆ ਕੰਪਨੀ ਦੇ ਸਮੇਂ ਇਕ ਅੰਗਰੇਜ਼ ਮਿ: ਚਾਰਲਸ ਵਿਲਕਿਨਜ਼ ਤਖਤ ਪਟਨੇ ਸਾਹਿਬ ਦੇ ਦਰਸ਼ਨ ਕਰਨ ਲਈ ਗਿਆ। ਉਸ ਨੇ ੧ ਮਾਰਚ ੧੭੮੧ ਈ: ਨੂੰ ਇਕ ਚਿਠੀ ਸਕੱਤ੍ਰ ਏਸ਼ੀਆਟਿਕ ਸੁਸਾਇਟੀ ਨੂੰ ਲਿਖੀ, ਜਿਸ ਵਿਚ ਉਹ ਪਟਨੇ ਸਾਹਿਬ ਦੀ ਇਮਾਰਤ, ਉਥੋਂ ਦੀ ਮਰਯਾਦਾ ਤੇ ਪੁਜਾਰੀਆਂ ਨਾਲ ਹੋਈ ਗਲ ਬਾਤ ਆਪਣੀ



Digitized by Panjab Digital Library | www.panjabdigilib.org

ਚਿਠੀ ਵਿਚ ਦਰਜ ਕਰਦਾ ਹੈ। ਉਸ ਚਿਠੀ ਵਿਚ ਮਿਸਟਰ ਚਾਰਲਸ ਵਿਲਕਿਨਜ਼ ਨੇ ਇਹ ਵੀ ਲਿਖਿਆ ਹੈ ਕਿ ਇਸ ਇਮਾਰਤ ਵਿਚ ਥੜੇ ਦੀ ਸ਼ਕਲ ਦੀ ਇਕ ਅਜੇਹੀ ਥਾਂ ਹੈ, ਜੋ ਤਖਤ ਦੀ ਸ਼ਕਲ ਦੀ ਹੈ।

ਤਖਤ ਸ੍ਰੀ ਪਟਨਾ ਸਾਹਿਬ ਦੀ ਪਹਿਲੀ ਇਮਾਰਤ ਸੰਮਤ ੧੭੨੨ ਵਿਚ ਤਿਆਰ ਹੋਈ, ਜਦ ਸ੍ਰੀ ਗੁਰੂ ਤੇਗ ਬਹਾਦਰ ਜੀ ਆਸਾਮ ਨੂੰ ਜਾਂਦੇ ਹੋਏ ਉਥੇ ਬਿਰਾਜੇ ਸਨ। ਦੂਜੀ ਵੇਰ ਉਸ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਜੀ ਨੇ ਕਰਵਾਈ। ਤੀਜੀ ਵੇਰ ਨਵੀਂ ਇਮਾਰਤ ਹੁਣ ਬਣੀ ਹੈ।

ਮ: ਰਣਜੀਤ ਸਿੰਘ ਦੀ ਤਿਆਰ ਕਰਵਾਈ ਇਮਾਰਤ ਦੇ ਦੋ ਉਕਰੇ ਹੋਏ ਪੱਥਰ ਹਨ, ਜਿਨ੍ਹਾਂ ਵਿਚੋਂ ਇਕ ਪੱਥਰ ਇਸ ਵਕਤ ਸਟੋਰ ਵਿਚ ਹੈ। ਦੂਜਾ ਚੜ੍ਹਦੇ ਬੰਨੇ ਦੇ ਪੁਰਾਣੇ ਦਰਵਾਜ਼ੇ ਉਤੇ ਲਗਾ ਹੋਇਆ ਹੈ। ਦੋਹਾਂ ਪਥਰਾਂ ਪਰ ਉਕਰੀ ਇਮਾਰਤ ਇਸ ਪ੍ਰਕਾਰ ਹੈ—

੧ ਓ ਵਾਹਿਗੁਰੂ ਜੀ ਕੀ ਫ਼ਤਹ ॥ ਸੰਮਤ ੧੮੯੬ ਮਿਤੀ ਹਾੜ ੧, ਤਖਤ ਸ੍ਰੀ ਹਰਿਮੰਦਰ ਜੀ। ਟਹਿਲ ਸਰਕਾਰ ਰਣਜੀਤ ਸਿੰਘ ਜੀ ਦੀ ਰਾਹੀਂ ਭਾਈ ਗੁਰਮੁਖ ਸਿੰਘ ਗਯਾਨੀ ਦੀ ਹਥੋਂ ਭਾਈ ਸਯਾਮ ਸਿੰਘ ਦਰੋਗੇ। ਰਾਜ ਭਾਈ ਰੂਪ ਸਿੰਘ ਕਾਰਖਾਨੀਏ। ਗੁਰਦੁਆਰੇ ਏਕ ਦਾਨ। ਗੁਰੂ ਚਿਤ ਆਵੇ ਜੀ।

ਇਹ ਲਿਖਤ ਲਗ ਪਗ ੧੨੭ ਸਾਲ ਦੀ ਹੈ।

ਤਖਤ ਪਟਨਾ ਸਾਹਿਬ ਦੇ ਚੜ੍ਹਦੇ ਬੰਨੇ ਪੁਰਾਣੀ ਦੀਵਾਰ ਦੇ ਦਰਵਾਜ਼ੇ ਉਤੇ ਜੋ ਪੱਥਰ ਲਗਾ ਹੋਇਆ ਹੈ, ਉਸ ਤੇ ਇਹ ਅੱਖਰ ਉਕਰੇ ਹੋਏ ਹਨ—

੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

ਸੰਮਤ ੧੭੨੨ ਮਿਤੀ ਜੇਠ ਸੁਦੀ ੧, ਤਖਤ ਸ੍ਰੀ



Digitized by Panjab Digital Library | www.panjabdigilib.org

ਹਰਿਮੰਦਰ ਜੀ ਟਹਿਲ ਪਹਿਲੀ। ਟਹਿਲ ਦੂਸਰੀ ਕਾਰ ਸਰਕਾਰ ਰਣਜੀਤ ਸਿੰਘ ਬਹਾਦਰ ਦੀ, ਹਥੀਂ ਭਾਈ ਗੁਰਮੁਖ ਸਿੰਘ ਗਯਾਨੀ ਦੀ। ਦਸਤੀ ਭਾਈ ਸਯਾਮ ਸਿੰਘ ਦੀ, ਮੁਮਾਰ ਰੂਪ ਸਿੰਘ ਰਾਜ ਸੰਮਤ ੧੮੯੮, ਮਿਤੀ ਚੇਤ ਸੁਦੀ ੧੩।

ਇਸ ਪੱਥਰ ਉਤੇ ਤਾਂ ਹੋਰ ਵੀ ਸਪਸ਼ਟ ਕਰ ਦਿਤਾ ਹੈ ਕਿ ਤਖਤ ਸ੍ਰੀ ਪਟਨਾ ਸਾਹਿਬ ਦੀ ਪਹਿਲੀ ਇਮਾਰਤ ਸੰਮਤ ੧੭੨੨ ਬਿ: ਵਿਚ ਬਣੀ, ਜਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਟਨੇ ਗਏ। ਦੂਜੀ ਵੇਰ ਸੰਮਤ ੧੮੯੮ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਾਰੀ ਇਮਾਰਤ ਮੁਕੰਮਲ ਹੋਈ।

ਅਜ ਤੋਂ ਸਵਾ ਸੋ ਸਾਲ ਪਹਿਲੇ ਸ਼ੇਰੇ ਪੰਜਾਬ ਮ: ਰਣਜੀਤ ਸਿੰਘ ਦੇ ਸਮੇਂ ਪਟਨੇ ਸਾਹਿਬ ਦੀ ਬਣਵਾਈ ਗਈ ਇਮਾਰਤ ਦੇ ਦੋਹਾਂ ਪੁਰਾਣੇ ਪੱਥਰਾਂ ਤੇ ਇਸ ਲਈ 'ਤਖਤ' ਸ਼ਬਦ ਦਰਜ ਹੈ।

ਪਟਨੇ ਸਾਹਿਬ ਬਾਰੇ ਗਿ. ਗੁਰਦਿਤ ਸਿੰਘ ਨੇ ਇਕ ਗਲਤ ਗਲ ਲਿਖੀ ਹੈ ਕਿ ਉਥੇ ਦੂਜੇ ਤਖਤਾਂ ਵਾਂਗ ਬੇਅੰਮ੍ਰਿਤੀਏ ਅਤੇ ਕੁਰਹਿਤੀਏ ਦੀ ਪੁਛ ਪੜਤਾਲ ਨਹੀਂ ਕੀਤੀ ਜਾਂਦੀ। ਆਪ ਲਿਖਦੇ ਹਨ-'੧੯੪੬ ਵਿਚ ਅਸੀਂ ਇਕ ਮਹੀਨਾ ਬੀੜਾਂ ਦੀ ਖੋਜ ਕਰਨ ਲਈ ਰਹੇ ਸਾਂ। ਉਥੇ ਇਸ ਤਰ੍ਹਾਂ ਦੀ ਕੋਈ ਰਵਾਇਤ ਸੁਣੀ ਦੇਖੀ ਨਹੀਂ ਸੀ ਬਲਕਿ ਉਥੇ ਜਥੇਦਾਰ ਹੁਣ ਤੀਕ ਵੀ ਨਹੀਂ।'

(ਦੇਖੋ ਗਿ. ਅੰਮ੍ਰਿਤ ਦਸੰਬਰ ੧੯੬੩ ਪੰਨਾ ੩੯)

ਸਾਡਾ ਸਬੰਧ ਤਖਤ ਪਟਨਾ ਸਾਹਿਬ ਨਾਲ ਸੰਨ ੧੯੩੦ ਤੋਂ ਹੈ। ਉਥੋਂ ਦੇ ਇਤਿਹਾਸ, ਰੀਕਾਰਡ ਤੇ ਮਰਯਾਦਾ ਤੋਂ ਇਹ ਗੱਲ ਸਪਸ਼ਟ ਹੈ ਕਿ ਦੂਜੇ ਤਖਤਾਂ ਵਾਂਗ ਉਥੇ ਵੀ ਬੇਅੰਮ੍ਰਿਤੀਏ ਤੇ ਕੁਰਹਿਤੀਏ ਦੀ ਪੁਛ ਪੜਤਾਲ ਕੀਤੀ ਜਾਂਦੀ ਹੈ। ਪਟਨਾ ਸਾਹਿਬ ਦਾ ਹੈਡ ਗਰੰਥੀ ਜਾਂ ਪੁਜਾਰੀ ਜਥੇਦਾਰ ਸਮਝਿਆ ਜਾਂਦਾ ਹੈ ਤੇ ਉਹ ਗੁ. ਐਕਟ ਅਨੁਸਾਰ ਸ਼ਰੋਮਣੀ ਕਮੇਟੀ ਦਾ ਮੈਂਬਰ ਹੁੰਦਾ ਹੈ।

੭. ਗਿ. ਗੁਰਦਿਤ ਸਿੰਘ ਨੇ ਇਹ ਵੀ ਇਕ ਹੁਜਤ ਘੜੀ ਹੈ-'ਕੋਈ



Digitized by Panjab Digital Library | www.panjabdigilib.org

ਰਾਜਾ ਮਹਾਰਾਜਾ ਜੇ ਏਥੇ (ਦਮਦਮਾ ਸਾਹਿਬ) ਨਹੀਂ ਗਿਆ ਤਾਂ ਤਖਤ ਰਾਜਿਆਂ ਨੂੰ ਦੰਡ ਲਾਉਣ ਲਈ ਆਪ ਕਿਧਰੇ ਨਹੀਂ ਜਾ ਸਕਦਾ।'

ਅਸੀਂ ਗਿ ਗੁਰਦਿਤ ਸਿੰਘ ਨੂੰ ਪੁਛਦੇ ਨੂੰ ਹਾਂ ਕਿ ਕੀ ਅਕਾਲ ਤਖਤ ਸਾਹਿਬ ਨੇ ਮ: ਮਹਾਰਾਜਾ ਰਣਜੀਤ ਸਿੰਘ ਨੂੰ ਆਦਮੀ ਭੇਜਿਆ ਸੀ ਕਿ ਏਥੇ ਆਕੇ ਦੰਡ ਲੁਆਏ ਤੇ ਇਮਲੀ ਨਾਲ ਬਝ ਕੇ ਕੋਰੜੇ ਖਾਏ। ਸਿਖ ਸੰਗਤਾਂ, ਰਾਜੇ ਮਹਾਰਾਜੇ ਤੇ ਸਰਦਾਰ ਚਹੁੰ ਤਖਤਾਂ ਦੀ ਮਹਾਨਤਾ ਨੂੰ ਮੁਖ ਰਖ ਕੇ ਆਪ ਹਾਜ਼ਰ ਹੋ ਕੇ ਅੰਮ੍ਰਿਤ ਛਕਦੇ ਤੇ ਭੁਲ ਬਖਸ਼ਾਂਦੇ ਰਹੇ ਹਨ।

ਸਚਖੰਡ ਹਜ਼ੂਰ ਸਾਹਿਬ ਦਾ ਇਤਿਹਾਸ, ਉਥੋਂ ਦੀ ਮਰਯਾਦਾ, ਮ. ਰਣਜੀਤ ਸਿੰਘ, ਨਾਭਾ, ਪਟਿਆਲਾ, ਜੀਂਦ ਆਦਿਕ ਰਿਆਸਤਾਂ ਵਲੋਂ ਕੀਤੀ ਹੋਈ ਲੰਗਰ ਤੇ ਇਮਾਰਤ ਦੀ ਸੇਵਾ ਉਸਦੇ ਚੌਥਾ ਤਖਤ ਹੋਣ ਦਾ ਸਬੂਤ ਹੈ।ਇਹ ਸੇਵਾ ਗੁ. ਐਕਟ ਬਣਨ ਤੋਂ ਸਦੀਆਂ ਪਹਿਲੇ ਦੀ ਹੈ।

੮. ਗਿ. ਗੁਰਦਿਤ ਸਿੰਘ ਲਿਖਦੇ ਹਨ—'ਜੇ ਰਾਜਨੀਤਕ ਫੈਸਲਿਆਂ ਦੀ ਗਲ ਹੈ ਤਾਂ ਜ. ਸੰਪੂਰਨ ਸਿੰਘ ਰਾਮਾ ਪੰਜਾਬੀ ਸੂਬੇ ਲਈ ਅਰਦਾਸਾ ਕਰਕੇ ਦਿਲੀ ਧਰਨਾ ਮਾਰਨ ਲਈ ਕਿਥੋਂ ਤੁਰੇ ਸਨ ? ਉਹ ਅਸਥਾਨ ਦਮਦਮਾ ਸਾਹਿਬ ਹੀ ਹੋਵੇਗਾ।'

ਜ. ਸੰਪੂਰਨ ਸਿੰਘ ਰਾਮਾ ਦਮਦਮਾ ਸਾਹਿਬ ਦੇ ਮੇਲੇ ਚੋਂ ਪ੍ਰਾਪੇਗੰਡੇ ਲਈ ਅਰਦਾਸਾ ਸੋਧ ਕੇ ਤੁਰੇ ਹੋਣਗੇ, ਪਰ ਉਸ ਦੀ ਕੋਈ ਮਹਾਨਤਾ ਨਹੀਂ। ੧੫ ਅਗਸਤ ੧੯੬੧ ਨੂੰ ਮਾ. ਤਾਰਾ ਸਿੰਘ ਨੇ ਸ੍ਰੀ ਅਕਾਲ ਤਖਤ ਸਾਹਿਬ ਅਰਦਾਸਾ ਸੋਧ ਕੇ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਮਰਨ ਵਰਤ ਰਖਿਆ ਤੇ ਉਸ ਨੂੰ ਭੰਗ ਕੀਤਾ। ਸਾਰੇ ਪੰਥ ਨੇ ਇਸ ਪਰ ਰੋਸ ਪ੍ਰਗਟ ਕੀਤਾ ਤੇ ਪੰਜਾਂ ਪਿਆਰਿਆਂ ਨੇ ਮਾਸਟਰ ਜੀ ਤੇ ਉਨ੍ਹਾਂ ਦੇ ਸਾਥੀਆਂ ਨੂੰ ਦੰਡ ਦਿਤਾ। ਪਰ ਜ. ਰਾਮਾ ਦੇ ਅਰਦਾਸਾ ਸੋਧ ਕੇ ਜਾਣ ਆਉਣ ਦਾ ਕਿਸੇ ਨੂੰ ਚਿਤ ਚੇਤਾ ਵੀ ਨਹੀਂ। ਇਹ ਇਸ ਗੱਲ ਦਾ ਸਬੂਤ ਹੈ ਕਿ ਪੰਥ ਨੇ ਦਮਦਮਾ ਸਾਹਿਬ ਨੂੰ ਕਦੀ ਤਖਤ ਨਹੀਂ ਮੰਨਿਆ।

---



Digitized by Panjab Digital Library | www.panjabdigilib.org

## ੬.

# ਹੋਰ ਗ਼ਲਤ ਦਲੀਲਾਂ

ਗਿਆਨੀ ਗੁਰਦਿਤ ਸਿੰਘ ਜੀ ਦੀ ਨਵੇਂ ਤਖਤ ਦੀ ਕਲਪਣਾ ਨੂੰ ਕਿਸੇ ਪੰਥਕ ਵਿਦਵਾਨ, ਇਤਿਹਾਸਕਾਰ ਜਾਂ ਜਥੇਬੰਦੀ ਨੇ ਪਰਵਾਨ ਨਹੀਂ ਕੀਤਾ, ਪਰ ਇਕ ਦੋ ਸਜਣਾਂ ਨੇ ਉਸ ਦੀ ਹਮਾਇਤ ਕਰਨ ਦੀ ਕੋਸ਼ਸ਼ ਕੀਤੀ ਹੈ। ਉਨ੍ਹਾਂ ਵਿਚੋਂ ਇਕ ਗਿਆਨੀ ਬਲਵੰਤ ਸਿੰਘ ਜੀ ਗੁਰੂ ਕੋਠਾ (ਪਟਿਆਲਾ) ਤੇ ਦੂਜੇ ਗਿ: ਗੁਰਚਰਨ ਸਿੰਘ ਜੀ ਮੁਕਤਸਰ ਹਨ। ਗਿ: ਬਲਵੰਤ ਸਿੰਘ ਜੀ ਨੇ ਸਪਤਾਹਕ 'ਪੰਥ' ਦਿਲੀ, ਮਿਤੀ ੭ ਜੂਨ ੧੯੬੩ ਦੇ ਪਰਚੇ ਵਿਚ ਲਿਖਿਆ—

'ਗਿਆਨੀ ਪ੍ਰਤਾਪ ਸਿੰਘ ਜੀ ਕਹਿੰਦੇ ਹਨ ਤਖ਼ਤ ਦਮਦਮਾ ਸਾਹਿਬ ਤੋਂ ਕੋਈ ਹੁਕਮਨਾਮਾ ਜਾਰੀ ਨਹੀਂ ਹੋਇਆ। ਜੇਕਰ ਉਹ ਮਿਹਨਤ ਨਾਲ ਇਤਿਹਾਸ ਦੀ ਅਲੋਚਨਾ ਕਰਨਗੇ ਤਾਂ ਤਖਤ ਦਮਦਮਾ ਸਾਹਿਬ ਤੋਂ ਜਾਰੀ ਹੋਏ ਸੈਂਕੜੇ ਹੁਕਮਨਾਮੇ ਮਿਲਣਗੇ।

'ਜਿਨ੍ਹਾਂ ਵਿਚੋਂ ਦੋ ਹੁਕਮਨਾਮੇ ਦਸਮ ਪਾਤਸ਼ਾਹ ਨੇ ਆਪਣੇ ਮੁਬਾ-ਰਕ ਹਸਤ ਕੰਵਲਾਂ ਨਾਲ ਇਥੋਂ ਜਾਰੀ ਕੀਤੇ। ਪਹਿਲਾ ਹੁਕਮਨਾਮਾ ਸੰਮਤ ੧੭੬੨ ਨੂੰ ਸੁਨਾਮ ਦੇ ਸਿਖ ਭਾਈ ਮਾਹੀ ਸਿੰਘ ਜੀ ਨੂੰ ਲਿਖਿਆ ਤੇ ਦੂਸਰਾ ਹੁਕਮਨਾਮਾ ੨੦ ਕਤਕ ੧੭੬੩ ਨੂੰ ਪਿੰਡ ਭਾਈ ਰੂਪਾ ਜ਼ਿਲਾ ਬਠਿੰਡਾ ਦੀ ਸੰਗਤ ਅਤੇ ਬੈਰਾੜਾਂ ਦੇ ਨਾਉਂ ਲਿਖਿਆ, ਜਿਸ ਦਾ ਹੂਬਹੂ ਉਤਾਰਾ ਇਸ ਤਰ੍ਹਾਂ ਹੈ—



Digitized by Panjab Digital Library | www.panjabdigilib.org

'ਹੁਕਮਨਾਮਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਾ ਸਰਬਤ ਸੰਗਤ ਬੇਰਾੜਾਂ ਕੀ ਦੇ ਨਾਮ ਸੰਮਤ ੧੭੬੩ ਮਿਤੀ ਕਤਕੋਂ ੨੦ ।'

(ਨਸ਼ਾਨ ਗੁਰੂ ਸਾਹਿਬ)

੧ ੴ ਸਿਰੀ ਸਤਿਗੁਰੂ ਜੀ । ਸਿਰੀ ਗੁਰੂ ਜੀ ਕੀ ਆਗਿਆ ਹੈ ਸਰਬਤ ਸੰਗਤ ਬੇਰਾੜਾਂ ਕੀ ਗੁਰੂ ਰਖੇਗਾ । ਗੁਰੂ ਗੁਰੂ ਜਪਣਾ ਜਨਮ ਸਉਰੇਗਾ । ਫੁਰਮਾਇਸ ਹੁਕਮ ਦੇਖਦਿਆਂ ਭੇਜਣੀ ।

੧ ਬੈਲ ਹਛਾ ਭਾਈ ਬਰਾੜ ਸਿੰਘ ।

੧ ਬੈਲ ਹਛਾ ਭਾਈ ਬਲਾਕੀ ਸਿੰਘ ।

੧ ਬੈਲ ਹਛਾ ਭਾਈ ਬਾਜ ਸਿੰਘ ।

ਬੈਲ ਇਕ ਭਾਈ ਧਰਮ ਸਿੰਘ ਰੂਪੇ ਕਾ ।

ਸਰਬਤਿ ਸੰਗਤ ਬੈਰਾੜਾਂ ਕੀ ਭਾਈ ਰੂਪੇ ਕੀ ਵੰਸ ਦੀ ਵੀ ਗੁਰੂ ਰਖੇਗਾ ।੪

ਬੈਲ ਚਾਰ ਹਛੇ ਬਾਹਲਾ ਨੂੰ ਭੇਜਣੇ ਹੁਕਮ ਦੇਖਦਿਆਂ ਮੇਰੀ ਤੁਸਾਂ ਉਪਰ ਖੁਸ਼ੀ ਹੈ । ਅਸਾਂ ਦਖਣ ਨੋ ਕੂਚ ਕੀਤਾ ਹੈ । ਜਿਨਿ ਸਿਖਿ ਸਾਡੇ ਨਾਲ ਰਲਣਾ ਹੋਵੇ ਤਿਨਿ ਹੁਕਮ ਦੇਖਦਿਆਂ ਹਜੂਰ ਆਵਣਾ । ਤੁਸਾਂ ਉਪਰਿ ਖੁਸ਼ੀ ਹੈ । ਤੁਸਾਡੀ ਗੁਰੂ ਜੀ ਰਖੇਗਾ ।

ਸੰਮਤ ੧੭੬੩ ਮਿਤੀ ਕਤਕੋਂ ੨੦ ਸਤਰਾਂ ੧੦

ਜਿਥੋਂ ਤੀਕ ਤਖਤਾਂ ਬਾਰੇ ਸਾਡੀ ਲਿਖਤ ਦਾ ਸੰਬੰਧ ਹੈ, ਉਸ ਵਿਚ ਇਹ ਦਸਿਆ ਸੀ ਕਿ ਤਖਤ ਉਹ ਅਸਥਾਨ ਹਨ, ਜਿਥੇ ਸਤਿਗੁਰਾਂ ਨੇ ਕੋਈ ਵਿਸ਼ੇਸ਼ ਆਰਡਰ ਕੀਤਾ ਹੈ, ਜਿਥੋਂ ਸਿਖੀ ਦੀ ਰਹੁ ਰੀਤ ਤੇ ਮਰਯਾਦਾ ਨੂੰ ਕਾਇਮ ਰਖਣ ਜਾਂ ਕੋਈ ਭੁਲ ਹੋ ਜਾਣ ਪਰ ਧਾਰਮਕ ਦੰਡ ਦੇਣ ਲਈ ਹੁਕਮਨਾਮੇ ਜਾਰੀ ਹੁੰਦੇ ਹਨ ।

ਉਪਰੋਕਤ ਹੁਕਮਨਾਮਾ ਕੋਈ ਧਾਰਮਿਕ ਜਾਂ ਸਮਾਜਕ ਨੌਈਅਤ ਦਾ ਨਹੀਂ । ਬੈਲ, ਘੋੜੇ, ਸ਼ਸਤ੍ਰ ਬਸਤ੍ਰ, ਸੋਨਾਦਿਕ ਭੇਜਣ ਦੇ ਹੁਕਮਨਾਮੇ ਹੋਰ ਕਈ ਥਾਵਾਂ ਦੇ ਵੀ ਮਿਲਦੇ ਹਨ, ਉਹ ਤਖਤ ਨਹੀਂ ਹੋ ਸਕਦੀਆਂ ।



Digitized by Panjab Digital Library | www.panjabdigilib.org

ਗਿ: ਬਲਵੰਤ ਸਿੰਘ ਜੀ ਨੇ ਦਮਦਮੇ ਸਾਹਿਬ ਦੇ ਇਕ ਪੁਜਾਰੀ ਜੀਤ ਸਿੰਘ ਲਿਖਤ ਹੁਕਮਨਾਮਾ ਪੇਸ਼ ਕੀਤਾ ਹੈ—

੧ ੳ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਾ ਤਖਤ ਸ੍ਰੀ ਦਮਦਮਾ ਜੀ ਤਹਾਂ ਬੈਠ ਕੇ ਸੁਖ ਪਾਇਆ, ਸਮੂੰਹ ਸੰਗਤ ਉਪਰ ਖੁਸ਼ੀ ਹੋਇ। ਬਖਸ਼ਸ਼ਾਂ ਕੀਤੀਆਂ ਅਤੇ ਕਿਹਾ ਜੋ ਹੁਕਮਨਾਮਾ ਲਿਖੋ, ਸਰਬਤ ਨੂੰ ਜੋ ਸਮੂੰਹ ਖਾਲਸਾ ਜੀ ਕੀ ਸੰਗਤਿ ਹੈ ਜੋ ਹੁਕਮਨਾਮਾ ਸ੍ਰੀ ਦਮਦਮਾ ਜੀ ਦਾ ਸਰਬਤ ਚੋਕੀ ਮਿਲਕੇ ਲਿਖਿਆ ਗੁਰਾਂ ਦੇ ਬਚਨ ਮੁਖਵਾਕ ਸੁਣ ਕੇ ਕਿਹਾ ਜੋ ਹੁਕਮਨਾਮਾ ਮੰਨੇਗਾ ਸੋ ਮੈਨੂੰ ਮੰਨੇਗਾ, ਤਿਸ ਦਾ ਵਾਲੀ ਹੋਵਾਂਗਾ। ਇਥੇ ਤੇ ਦਰਗਾਹ ਵਿਚ ਹੋਵਾਂਗਾ। ਜੋ ਹੁਕਮਨਾਮਾ ਵੇਖ ਕੇ ਮੰਨੇਗਾ ਤਿਸ ਦਾ ਬੀਜਿਆ ਹਰਿਆ ਹੋਵੇਗਾ।

ਸਰਬਤ ਕੀ ਮਥਾ ਟੇਕਣ ਕੀ ਜਗਾ ਹੈ, ਜੋ ਮੰਨੇਗਾ ਤਿਸ ਦਾ ਭਲਾ ਹੋਵੇਗਾ।

ਸੰਮਤ ੧੮੭੫ ਚੇਤ੍ਰ ਸੁਦੀ ਦੂਜ ਬੁਧਵਾਰ ਨੂੰ ਜੀਤ ਸਿੰਘ

ਦਸਮ ਪਾਤਸ਼ਾਹ ਜੀ ਦੇ ਜੋਤੀ ਜੋਤ ਸਮਾਉਣ ਦੇ ਸਵਾ ਸੋ ਸਾਲ ਬਾਹਦ ਇਕ ਪੁਜਾਰੀ ਨੇ ਆਪੇ ਲਿਖਤ ਕਰਨੀ ਤੇ ਉਸ ਵਿਚ ਦਸਮ ਪਾਤ-ਸ਼ਾਹ ਦੇ ਨਾਮ ਪਰ ਇਹ ਸ਼ਬਦ ਵਰਤਣੇ—'ਜੋ ਹੁਕਮਨਾਮਾ ਮੰਨੇਗਾ ਸੋ ਮੈਨੂੰ ਮੰਨੇਗਾ, ਤਿਸ ਦਾ ਵਾਲੀ ਹੋਵਾਂਗਾ।' ਇਤਿਹਾਸਕ ਤੋਰ ਤੇ ਗਲਤ ਅਤੇ ਗੁਰਮਤਿ ਦੇ ਵੀ ਵਿਰੁਧ ਹੈ।

ਗਿ: ਬਲਵੰਤ ਸਿੰਘ ਜੀ ਨੇ ਦਮਦਮੇ ਸਾਹਿਬ ਦੇ ਪੁਜਾਰੀਆਂ ਦਾ ਇਕ ਹੁਕਮਨਾਮਾ 'ਮਿਲਾਉਣੀ ਪਤ੍ਰ' ਮਿਤੀ ੨੨ ਮਾਘ ਸੰਮਤ ੧੯੮੪ ਦਾ ਨਿਰਮਲ ਅਖਾੜੇ ਬਾਰੇ ਵੀ ਦਿਤਾ ਹੈ, ਜਿਸ ਦਾ ਨਿਰਣਾ ਅਗਲੇ ਕਾਂਡ ਵਿਚ ਕੀਤਾ ਜਾਵੇਗਾ।



Digitized by Panjab Digital Library | www.panjabdigilib.org

ਗਿਆਨੀ ਗੁਰਚਰਨ ਸਿੰਘ ਜੀ ਮੁਕਤਸਰ ਨੇ ੧੯-੨੦ ਅਗਸਤ ੧੯੬੩ ਦੇ 'ਅਕਾਲੀ ਪਤ੍ਰਕਾ' ਤੇ 'ਅਜੀਤ' ਵਿਚ ਅਤੇ ਇਕ ਲੇਖ 'ਜੀਵਨ ਪ੍ਰੀਤੀ' ਪਟਿਆਲਾ ਦੇ ਸਤੰਬਰ ੧੯੬੩ ਦੇ ਪਰਚੇ ਵਿਚ ਲਿਖਿਆ। ਆਪ ਨੇ ਦਮਦਮੇ ਸਾਹਿਬ ਬਾਰੇ ਤਿੰਨ ਗਲਾਂ ਲਿਖੀਆਂ-

(੧) ਇਥੋਂ (ਦਮਦਮੇ ਸਾਹਿਬ) ਦੇ ਬਜ਼ੁਰਗ ਦਸਦੇ ਹਨ ਕਿ ਮ: ਰਣਜੀਤ ਸਿੰਘ ਨੇ ਜਦੋਂ ਹਜ਼ੂਰ ਸਾਹਿਬ, ਅੰਮ੍ਰਿਤਸਰ, ਮੁਕਤਸਰ ਆਦਿਕ ਦੀ ਸੇਵਾ ਕੀਤੀ, ਉਨ੍ਹਾਂ ਦਾ ਵਿਚਾਰ ਦਮਦਮਾ ਸਾਹਿਬ ਦੀ ਸੇਵਾ ਕਰਨ ਦਾ ਵੀ ਸੀ, ਪਰ ਪਟਿਆਲੇ ਵਾਲਿਆਂ ਨੇ ਏਲਚੀ ਰਾਹੀਂ ਕਹਾ ਭੇਜਿਆ ਕਿ ਇਥੇ ਦੀ ਸੇਵਾ ਅਸੀਂ ਆਪ ਕਰਾਂਗੇ।

(੨) ਦਮਦਮੇ ਸਾਹਿਬ ਨੂੰ ਪੁਰਾਤਨ ਪੁਸਤਕਾਂ ਵਿਚ ਕਿਧਰੇ ਚੌਥਾ ਤਖਤ ਲਿਖਿਆ ਹੈ, ਕਿਧਰੇ ਪੰਜਵਾਂ। ਇਸ ਨੂੰ ਚੌਹਾਂ ਤਖਤਾਂ ਵਿਚ ਗਿਣਨ ਵਾਲੇ ਵੀ ਦੋ ਖਿਆਲਾਂ ਦੇ ਬਜ਼ੁਰਗ ਸਨ। ਇਕ ਉਹ ਸਨ ਜੋ ਅੰਮ੍ਰਿਤਸਰ ਨੂੰ ਚੌਹਾਂ ਤਖਤਾਂ ਵਿਚ ਨਹੀਂ ਗਿਣਦੇ ਸਨ। ਦਸਮ ਪਾਤ-ਸ਼ਾਹ ਦੇ ਹੀ ਚਾਰੇ ਤਖਤ ਗਿਣਦੇ ਸਨ। ਦੂਜੇ ਖਿਆਲਾਂ ਦੇ ਬਜ਼ੁਰਗ ਅਬਚਲ ਨਗਰ ਹਜ਼ੂਰ ਸਾਹਿਬ ਨੂੰ ਤਖਤਾਂ ਵਿਚ ਨਹੀਂ ਸਨ ਗਿਣਦੇ। ਉਨ੍ਹਾਂ ਦਾ ਵਿਚਾਰ ਇਹ ਸੀ ਕਿ ਹਜ਼ੂਰ ਸਾਹਿਬ ਦੇ ਜਿਸ ਗੁਰਦਵਾਰੇ ਨੂੰ ਤਖਤ ਦਾ ਦਰਜਾ ਦਿਤਾ ਜਾਂਦਾ ਹੈ, ਉਸ ਥਾਂ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਕੋਈ ਇਮਾਰਤ ਖੜੀ ਕਰਨ ਦਾ ਹੁਕਮ ਹੀ ਨਹੀਂ ਦਿਤਾ।

ਗਿਆਨੀ ਜੀ ਉਨ੍ਹਾਂ ਬਜ਼ੁਰਗਾਂ ਦੇ ਨਾਂ ਦਸਣ ਜਿਹੜੇ ਅੰਮ੍ਰਿਤਸਰ ਤੇ ਹਜ਼ੂਰ ਸਾਹਿਬ ਨੂੰ ਤਖਤ ਨਹੀਂ ਮੰਨਦੇ ?

ਅਸਲ ਗਲ ਇਹ ਹੈ ਕਿ ਲਾਰਡ ਵੈਲਜ਼ਲੇ ਦੇ ਸਬ ਸੀਡੀਅਰੀ ਸਿਸਟਮ ਅਨੁਸਾਰ ਸਤਲੁਜੋਂ ਪਾਰ ਦੇ ਸਿਖ ਰਾਜਿਆਂ ਨਾਭਾ, ਪਟਿਆਲਾ, ਜੀਂਦ ਆਦਿਕ ਨੇ ਅੰਗਰੇਜ਼ਾਂ ਦੀ ਅਧੀਨਗੀ ਕਬੂਲ ਕਰ ਲਈ ਸੀ। ਸੰਨ ੧੮੦੮ ਈ: ਵਿਚ ਅੰਗਰੇਜ਼ਾਂ ਨੇ ਲੁਧਿਆਣੇ ਛਾਵਣੀ ਪਾਈ। ਇਸ ਦਾ ਕਾਰਨ ਮਹਾਰਾਜਾ ਰਣਜੀਤ ਸਿੰਘ ਤੇ ਸਤਲੁਜੋਂ ਪਾਰ ਦੇ ਰਾਜਿਆਂ ਦਾ ਮਤਭੇਦ ਸੀ। ਪਰ ਜੇ ਮ: ਰਣਜੀਤ ਸਿੰਘ ਨਜ਼ਾਮ ਹੈਦਰਾਬਾਦ ਦੇ



Digitized by Panjab Digital Library | www.panjabdigilib.org

ਇਲਾਕੇ ਵਿਚ ਹਜ਼ੂਰ ਸਾਹਿਬ ਦੀ ਸੇਵਾ ਕਰ ਸਕਦਾ ਸੀ, ਈਸਟ ਇੰਡੀਆ ਕੰਪਨੀ ਦੇ ਸਮੇਂ ਪਟਨੇ ਵਿਚ ਤਖਤ ਸਾਹਿਬ ਦੀ ਸੇਵਾ ਕਰ ਸਕਦਾ ਸੀ, ਜੇ ਨਾਭਾ, ਪਟਿਆਲਾ, ਜੀਂਦ ਆਦਿਕ ਅਨੰਦ ਪੁਰ, ਹਜ਼ੂਰ ਸਾਹਿਬ ਤੇ ਅੰਮ੍ਰਿਤਸਰ ਦੇ ਗੁਰਦਵਾਰਿਆਂ ਦੀ ਸੇਵਾ ਕਰ ਸਕਦੇ ਸਨ ਤਾਂ ਮ: ਰਣਜੀਤ ਸਿੰਘ ਦਮਦਮੇ ਸਾਹਿਬ ਦੀ ਸੇਵਾ ਕਿਉਂ ਨਹੀਂ ਸੀ ਕਰ ਸਕਦਾ ? ਅਸਲ ਗਲ ਇਹ ਹੈ ਕਿ ਇਸ ਨੂੰ ਕਦੀ ਤਖਤ ਮੰਨਿਆ ਹੀ ਨਹੀਂ ਗਿਆ।

ਚਾਰ ਤਖਤਾਂ ਬਾਰੇ ਸਿਖਾਂ ਵਿਚ ਕਦੀ ਦੋ ਰਾਵਾਂ ਨਹੀਂ ਹੋਈਆਂ। ਹਜ਼ੂਰ ਸਾਹਿਬ ਦੀ ਸੇਵਾ ਕਰਨ ਬਾਰੇ ਜੋ ਸਾਖੀ ਘੜੀ ਗਈ ਹੈ, 'ਜੋ ਸੇਵਾ ਕਰੇਗਾ, ਉਸ ਦਾ ਖਾਨਦਾਨ ਖਤਮ ਹੋ ਜਾਵੇਗਾ' ਇਹ ਵੀ ਅੰਗਰੇਜ਼ਾਂ ਦੇ ਦਿਮਾਗ ਦੀ ਕਾਢ ਸੀ। ਉਹ ਮ: ਰਣਜੀਤ ਸਿੰਘ ਦੇ ਰਾਜ ਨੂੰ ਹੜਪ ਕਰਨਾ ਚਾਹੁੰਦੇ ਸਨ ਤੇ ਸਿਖ ਜਨਤਾ ਨੂੰ ਇਹ ਟਪਲਾ ਦੇਣਾ ਚਾਹੁੰਦੇ ਸਨ ਕਿ ਮਹਾਰਾਜੇ ਦਾ ਰਾਜ ਹਜ਼ੂਰ ਸਾਹਿਬ ਦੀ ਸੇਵਾ ਕਰਨ ਕਰਕੇ ਨਸ਼ਟ ਹੋਇਆ ਹੈ, ਅਸੀਂ ਨਹੀਂ ਕੀਤਾ। ਅੰਗਰੇਜ਼ਾਂ ਨੇ ਨੌਵੇਂ ਪਾਤਸ਼ਾਹ ਦੇ ਨਾਂ ਪਰ 'ਟੋਪੀ ਵਾਲਾ ਸਿਖ ਆਵੇਗਾ' ਦੀ ਸਾਖੀ ਵੀ ਪ੍ਰਚਲਤ ਕੀਤੀ।

(੩) ਗਿ: ਗੁਰਚਰਨ ਸਿੰਘ ਜੀ ਨੇ ਇਕ ਗੱਲ ਹੋਰ ਲਿਖੀ ਹੈ। ਉਹ ਇਹ ਹੈ-'ਬਾਬਾ ਦੀਪ ਸਿੰਘ ਦੇ ਵੰਸ਼ਜ ਸ਼ਾਹਜ਼ਾਦ ਪੁਰੀਏ (ਦਮਦਮੇ ਸਾਹਿਬ ਦੇ ਪੁਜਾਰੀ) ਜਥੇਦਾਰੀ ਨਾਲੋਂ ਸਰਦਾਰੀ ਨੂੰ ਵਧੇਰੇ ਚੰਗਾ ਸਮਝਦੇ ਸਨ। ਐਸ਼ੋ ਇਸ਼ਰਤ ਵਲ ਦਿਲਚਸਪੀ ਵਧ ਜਾਣ ਕਰਕੇ ਚਾਹੁੰਦੇ ਸਨ ਕਿ ਪੰਥ ਦਾ ਦਮਦਮਾ ਸਾਹਿਬ ਵਲ ਧਿਆਨ ਨਾ ਰਹੇ। ਫਿਰ ਜਦੋਂ ਮਹਾਰਾਜਾ ਰਾਜਿੰਦਰ ਸਿੰਘ ਪਟਿਆਲਾ ਦੀ ਭੈਣ ਦਾ ਵਿਆਹ ਦਮਦਮੇ ਸਾਹਿਬ ਦੇ ਮਹੰਤ ਸ਼ਾਹਜ਼ਾਦ ਪੁਰੀ ਰਈਸ ਸ: ਜੀਵਨ ਸਿੰਘ ਨਾਲ ਹੋ ਗਿਆ, ਫਿਰ ਤਾਂ ਦੋਹਾਂ ਪਾਸਿਆਂ ਤੋਂ ਹੀ ਇਸ ਅਸਥਾਨ ਦੀ ਮਹਾਨਤਾ ਘਟਾਉਣ ਦੇ ਜਤਨ ਆਰੰਭ ਹੋ ਗਏ।'

ਜੇ ਚੌਹਾਂ ਤਖਤਾਂ ਦੇ ਪੁਜਾਰੀਆਂ ਨੇ ਜਥੇਦਾਰੀ ਛਡ ਕੇ ਸਰਦਾਰੀ ਨੂੰ ਤਰਜੀਹ ਨਾ ਦਿਤੀ ਤਾਂ ਦਮਦਮੀਆਂ ਨੇ ਕਿਉਂ ਦਿਤੀ ? ਅਸਲ ਵਿਚ ਦਮਦਮਾ ਸਾਹਿਬ ਤਖਤ ਨਹੀਂ ਸੀ।



Digitized by Panjab Digital Library | www.panjabdigilib.org

## 7.

# ਨਵੇਂ ਤਖ਼ਤ ਦਾ ਪਿਛੋਕੜ

ਪਰੋਫੈਸਰ ਸਤਬੀਰ ਸਿੰਘ–ਜੋ ਸ਼ਰੋਮਣੀ ਕਮੇਟੀ ਵਲੋਂ 'ਦਮਦਮਾ ਸਾਹਿਬ ਤਖ਼ਤ ਹੈ ਕਿ ਨਹੀਂ' ਦੀ ਪੜਤਾਲ ਕਰਨ ਲਈ ਬਣਾਈ ਗਈ ਕਮੇਟੀ ਦੇ ਮੈਂਬਰ ਸਨ, ਦੀ ਰਾਇ ਹੈ ਕਿ 'ਸੰਨ ੧੮੦੯ ਈ. ਵਿਚ ਸਤਲੁਜੋਂ ਪਾਰ ਦੀਆਂ ਸਿਖ ਰਿਆਸਤਾਂ ਨੇ ਅੰਗਰੇਜ਼ਾਂ ਨਾਲ ਸੰਧੀ ਕਰ ਲਈ ਤਾਂ ਉਨ੍ਹਾਂ ਨੂੰ ਧਾਰਮਿਕ ਪ੍ਰਵਾਨਗੀ ਦੀ ਲੋੜ ਪਈ। ਉਸ ਸਮੇਂ ਦਮਦਮੇ ਸਾਹਿਬ (ਸਾਬੋਕੀ ਤਲਵੰਡੀ) ਲਈ ਪਹਿਲੀ ਵੇਰ ਤਖ਼ਤ ਸ਼ਬਦ ਵਰਤਿਆ ਗਿਆ।'

ਇਸ ਦਾ ਦੂਜਾ ਕਾਰਨ ਇਹ ਹੈ ਕਿ ਜਿਸ ਤਰਾਂ ਦੀਵਾਨ ਚੰਦੂ ਲਾਲ ਹੈਦਰਾਬਾਦ ਦਖਣ ਨੇ ਉਦਾਸੀਨ ਪੰਚਾਇਤੀ ਅਖਾੜਾ ਕਾਇਮ ਕੀਤਾ ਸੀ, ਇਸੇ ਤਰਾਂ ਸਿਖ ਰਿਆਸਤਾਂ ਨਾਭਾ, ਪਟਿਆਲਾ, ਜੀਂਦ ਆਦਿਕ ਨੇ ਮਿਲ ਕੇ ਭਾਦਰੋਂ ਸੁਦੀ ੧੨ ਸੰਮਤ ੧੯੧੮ ਬਿ: (ਅਜ ਤੋਂ ਇਕ ਸੌ ਪੰਜ ਸਾਲ ਪਹਿਲੇ) ਨਿਰਮਲਾ ਪੰਚਾਇਤੀ ਅਖਾੜਾ ਕਾਇਮ ਕੀਤਾ। ਨਿਰਮਲਿਆਂ ਵਿਚ ਦੋ ਕਿਸਮ ਦੇ ਸਾਧੂ ਸਨ। ਇਕ ਅੰਮ੍ਰਿਤ ਛਕ ਕੇ ਪੰਜ ਕਕਾਰ ਦੀ ਰਹਿਤ ਰਖਦੇ ਤੇ ਚਿਟੇ ਬਸਤ੍ਰ ਪਹਿਨਦੇ ਸਨ। ਦੂਜੇ ਭਗਵੇ ਬਸਤ੍ਰ ਪਹਿਨਦੇ ਤੇ ਲੰਗੋਟੀ (ਕੁਪੀਨ) ਦੇ ਧਾਰਨੀ ਸਨ। ਸੰਮਤ ੧੯੩੨ (ਇਕਾਨਵੇਂ ਸਾਲ ਪਹਿਲੇ) ਨਿਰਮਲ ਅਖਾੜਾ ਸਚਖੰਡ ਹਜ਼ੂਰ ਸਾਹਿਬ ਦੀ ਯਾਤਰਾ ਨੂੰ ਗਿਆ। ਅਖਾੜੇ ਵਿਚ ਕਈ ਸਾਧੂ ਅਜਿਹੇ



Digitized by Panjab Digital Library | www.panjabdigilib.org

ਸਨ, ਜੋ ਭਗਵੇ ਬਸਤ੍ਰ ਪਹਿਨਦੇ ਤੇ ਕਕਾਰਾਂ ਦੀ ਬੰਦਸ਼ ਨਹੀਂ ਕਰਦੇ ਸਨ। ਚੌਹਾਂ ਤਖਤਾਂ ਦੀ ਮਰਯਾਦਾ ਅਨੁਸਾਰ ਹਜ਼ੂਰ ਸਾਹਿਬ ਦੇ ਪੁਜਾਰੀਆਂ ਨੇ ਉਨ੍ਹਾਂ ਦੀ ਅਰਦਾਸ ਨਾ ਕੀਤੀ। ਇਸ ਪਰ ਦੋ ਪਾਰਟੀਆਂ ਬਣ ਗਈਆਂ। ਜੇਠ ਵਦੀ ੫ ਸੰਮਤ ੧੯੩੨ ਬਿ: ਨੂੰ ਹਜ਼ੂਰ ਸਾਹਿਬ ਤਖਤ ਤੇ ਸਖਤ ਗੜਬੜ ਹੋਈ, ਜਿਸ ਵਿਚ ਪੁਜਾਰੀਆਂ ਦੇ ਹਥੋਂ ਮਹੰਤ ਗੁਲਾਬ ਸਿੰਘ, ਮਹੰਤ ਖੀਉਣ ਸਿੰਘ, ਕਾਰੋਬਾਰੀ ਰਾਇ ਸਿੰਘ, ਗਰੰਥੀ ਕਾਹਨ ਸਿੰਘ, ਭੰਡਾਰੀ ਸੇਵਾ ਸਿੰਘ, ਨਰੈਣ ਸਿੰਘ, ਸੂਬਾ ਸਿੰਘ ਆਦਿਕ ੧੧ ਨਿਰਮਲੇ ਸੰਤ ਮਾਰੇ ਗਏ। ਤਖਤ ਸਾਹਿਬ ਤੇ ਪੁਲੀਸ ਦਾ ਪ੍ਰਬੰਧ ਹੋ ਗਿਆ।

ਹਜ਼ੂਰ ਸਾਹਿਬ ਦੇ ਪੁਜਾਰੀਆਂ ਨੇ ਸ੍ਰੀ ਅਕਾਲ ਤਖਤ, ਅਨੰਦ ਪੁਰ ਤੇ ਪਟਨੇ ਸਾਹਿਬ ਦੇ ਪੁਜਾਰੀਆਂ ਨੂੰ ਆਪਣੇ ਪਖ ਵਿਚ ਕਰਨ ਲਈ ਚਿਠੀਆਂ ਲਿਖੀਆਂ ਤੇ ਅਖਾੜੇ ਦੀ ਅਰਦਾਸ ਬੰਦ ਕਰਨ ਦੀ ਪਰੇਰਨਾ ਕੀਤੀ। ਉਨ੍ਹਾਂ ਨੇ ਹਜ਼ੂਰ ਸਾਹਿਬ ਦੇ ਪੁਜਾਰੀਆਂ ਦੀ ਹਮੈਤ ਕੀਤੀ। ਇਸ ਘਟਨਾ ਦਾ ਜ਼ਿਕਰ ਗਿਆਨੀ ਗਿਆਨ ਸਿੰਘ ਜੀ ਨੇ ਆਪਣੀ ਪੁਸਤਕ 'ਨਿਰਮਲ ਪੰਥ ਪ੍ਰਦੀਪਕਾ' ਵਿਚ ਕੀਤਾ ਹੈ। ਇਸ ਤਰ੍ਹਾਂ ਨਿਰਮਲ ਅਖਾੜੇ ਤੇ ਚੌਹਾਂ ਤਖਤਾਂ ਦੇ ਪੁਜਾਰੀਆਂ ਵਿਚਕਾਰ ਖਿਚੋਤਾਣ ਵਧ ਗਈ।

ਹਜ਼ੂਰ ਸਾਹਿਬ ਦੇ ਪੁਜਾਰੀਆਂ ਤੇ ਕੇਸ ਚਲਿਆ। ਉਨ੍ਹਾਂ ਵਿਚੋਂ ਕਈਆਂ ਨੂੰ ਸਜ਼ਾਵਾਂ ਵੀ ਹੋ ਗਈਆਂ। ਉਸ ਦਾ ਨਤੀਜਾ ਇਹ ਹੋਇਆ ਕਿ ਸਿਖ ਪੰਥ ਵਿਚ ਫਿਰ ਬਹਿਸ ਚਲ ਪਈ ਕਿ ਕੀ ਕਿਸੇ ਤਖਤ ਪਰ ਰਹਿਤ ਵਿਚ ਢਿਲੇ ਸਿਖ ਦੀ ਅਰਦਾਸ ਹੋ ਸਕਦੀ ਹੈ ਕਿ ਨਹੀਂ ? ਕੀ ਉਹ ਤਖਤ ਤੇ ਚੜ੍ਹ ਸਕਦਾ ਹੈ ਕਿ ਨਹੀਂ ?

ਬਾਵਾ ਖੇਮ ਸਿੰਘ, ਉਨ੍ਹਾਂ ਦਾ ਸੇਵਕ ਤੇ ਲੇਖਕ ਭਾਈ ਅਵਤਾਰ ਸਿੰਘ ਵਹੀਰੀਆ ਸੰਪਾਦਕ 'ਗੁਰਮਤਿ ਪ੍ਰਕਾਸ਼ਕ' ਉਸ ਵਕਤ ਮੌਜੂਦ ਸਨ। ਉਨ੍ਹਾਂ ਨੇ ਵੀ ਹਜ਼ੂਰ ਸਾਹਿਬ ਦੇ ਪੁਜਾਰੀਆਂ ਦੀ ਹਮਾਇਤ ਕੀਤੀ।

ਭਾਈ ਅਵਤਾਰ ਸਿੰਘ ਵਹੀਰੀਏ ਨੇ ਆਪਣੀ ਪੁਸਤਕ 'ਗੁਰੂ ਦੀਖਿਆ ਸਫੋਟਕ ਸੰਬਾਦ' ਭਾਗ ੩, ਸਾਖੀ ਸਤਵੀਂ ਵਿਚ ਹਜ਼ੂਰ ਸਾਹਿਬ



Digitized by Panjab Digital Library | www.panjabdigilib.org

ਦੀ ਘਟਨਾ ਦੇ ਬਾਹਦ ਚੌਹਾਂ ਤਖਤਾਂ ਦੇ ਵਤੀਰੇ ਬਾਬਤ ਬਾਬਾ ਖੇਮ ਸਿੰਘ ਨਾਲ ਆਪਣੀ ਕੀਤੀ ਵਾਰਤਾਲਾਪ ਦਰਜ ਕੀਤੀ ਹੈ। ਉਸ ਵਿਚ ਭਾਈ ਅਵਤਾਰ ਸਿੰਘ ਵਹੀਰੀਏ ਨੇ ੪ ਤਖਤ ਹੀ ਮੰਨੇ ਹਨ। ਗਿ: ਗੁਰਦਿਤ ਸਿੰਘ ਨੇ ਆਪਣੇ ਇਕ ਲੇਖ ਵਿਚ ਬਾਬਾ ਖੇਮ ਸਿੰਘ ਤੇ ਭਾਈ ਅਵਤਾਰ ਸਿੰਘ ਵਹੀਰੀਏ ਦਾ ਨਾਮ ਗਲਤ ਤੌਰ ਤੇ ਵਰਤਕੇ ਜਨਤਾ ਨੂੰ ਟਪਲਾ ਦੇਣ ਦੀ ਕੋਸ਼ਸ਼ ਕੀਤੀ ਹੈ।

ਹਜ਼ੂਰ ਸਾਹਿਬ ਦੀ ਘਟਨਾ ਦੇ ੮ ਸਾਲ ਬਾਹਦ ਸੰਮਤ ੧੯੪੦ ਬਿ: ਵਿਚ ਪੰਡਤ ਤਾਰਾ ਸਿੰਘ ਜੀ ਨੇ 'ਗੁਰ ਤੀਰਥ ਸੰਗ੍ਰਹਿ' ਲਿਖਿਆ। ਉਸ ਵਿਚ ਪੰਨਾ ੧੫੧ ਤੇ ਲਿਖਿਆ ਹੈ—

> 'ਤਖਤ ਸਾਹਿਬ ਜਹਾਂ ਗ੍ਰੰਥ ਸਾਹਿਬ ਕੀ ਬੀੜ ਤਿਆਰ ਕੀ, ਇਸ ਜਗਾ ਤੰਬੂ ਰਹਿਤਾ ਥਾ, ਵਡੇ ਦਰਬਾਰ ਸੇ ਬੀਸ ਕਦਮ ਦੱਖਣ।'

ਪੰਡਤ ਤਾਰਾ ਸਿੰਘ ਜੀ ਦੇ ਤਖਤ ਸਾਹਿਬ ਤੋਂ ਮੁਰਾਦ ਤਖਤ ਪੋਸ਼ ਹੋ ਸਕਦਾ ਹੈ, ਜਿਸ ਤਰਾਂ ਕਈ ਲੋਕ ਪੀਹੜੇ ਨੂੰ ਮੰਜੀ ਸਾਹਿਬ ਕਹਿ ਦਿੰਦੇ ਹਨ। ਤੰਬੂ ਆਰਜ਼ੀ ਕੈਂਪ ਲਈ ਹੋ ਸਕਦਾ ਹੈ। ਤਖਤ ਵਾਲੀ ਥਾਂ ਤੇ ਤੰਬੂ ਹੋ ਨਹੀਂ ਸਕਦਾ। ਤਖਤ ਦੇ ਲਾਗੇ ਵਡਾ ਦਰਬਾਰ ਵੀ ਨਹੀਂ ਹੋ ਸਕਦਾ।

ਹਜ਼ੂਰ ਸਾਹਿਬ ਦੀ ਘਟਨਾ ਦੇ ੧੮ ਸਾਲ ਬਾਹਦ ਸ੍ਰੀ ਮਹੰਤ ਪੰਡਤ ਸਾਧੂ ਸਿੰਘ ਨੇ ਸੰਮਤ ੧੯੫੦ ਬਿ: ਵਿਚ 'ਗੁਰਮਤਿ ਪ੍ਰਦੀਪਕਾ' ਪ੍ਰਕਾਸ਼ਤ ਕੀਤੀ, ਜਿਸ ਵਿਚ ਲਿਖਿਆ—

> ਸਤਿਗੁਰੋਂ ਕੇ ਮੁਖਯ ਤਖਤ ਪਾਂਚ ਹੈਂ।
> ਪਾਂਚ ਮੁਖਯ ਤਖਤ ਤਥਾਹਿ।
> ਪਟਨੇ ਸ਼ਹਿਰ ਵਿਖੇ ਭਵ ਲਇਓ।੧
> ਪੁਰ ਆਨੰਦ ਇਕ ਗਰਾਮ।੨
> ਅੰਮ੍ਰਿਤਸਰ ਸਿਫਤੀ ਦਾ ਘਰ।੩
> ਦਮਦਮਾ ਸਾਹਿਬ।੪



Digitized by Panjab Digital Library | www.panjabdigilib.org

ਅਬਚਲ ਨਗਰ ਗੋਬਿੰਦ ਗੁਰੂ ਕਾ ।੫
(ਗੁਰਮਤਿ ਪ੍ਰਦੀਪਕਾ, ਪੂਰਬਾਰਧ ੧੦, ਪੰਨਾ ੨੭)

ਦਮਦਮੇ ਸਾਹਿਬ ਨੂੰ ਤਖਤ ਪ੍ਰਗਟ ਕਰਨ ਲਈ ਰਿਆਸਤੀ ਰੀਕਾਰਡ ਵੀ ਬਣਾਇਆ, ਜਿਸ ਨੂੰ ਗਿ: ਗੁਰਦਿਤ ਸਿੰਘ ਨੇ ਗਿ: ਬਲਵੰਤ ਸਿੰਘ ਨੇ ਆਪਣੇ ਲੇਖਾਂ ਵਿਚ ਪੇਸ਼ ਕੀਤਾ ਹੈ।

ਗਿ. ਬਲਵੰਤ ਸਿੰਘ ਗੁਰੂ ਕੋਠਾ ਨੇ ਆਪਣੇ ਇਕ ਲੇਖ ਵਿਚ ਰਿਆਸਤ ਪਟਿਆਲਾ ਦੇ ਇਕ ਅਫਸਰ ਮੁਨਸ਼ੀ ਰੁਲੀਆ ਰਾਮ ਅਸਿਸ-ਟੈਂਟ ਸੇਟਲਮੇਂਟ ਆਫੀਸਰ ਬਰਨਾਲਾ ਦੀ 'ਰੀਪੋਰਟ ਤਸ਼ਖੀਸ' ਜੋ ੨੪ ਅਗਸਤ ੧੯੦੩ ਈ. ਨੂੰ ਪ੍ਰਕਾਸ਼ਤ ਕੀਤੀ ਗਈ ਹੈ, ਦਾ ਹਵਾਲਾ ਦਿਤਾ ਹੈ, ਜਿਸ ਵਿਚ ਲਿਖਿਆ ਹੈ–

'ਗੁਰਦਵਾਰਾ ਦਮਦਮਾ ਸਾਹਿਬ ਤਲਵੰਡੀ ਸਾਬੋਕੀ ਬੜਾ ਮਸ਼ਹੂਰ ਔਰ ਮਾਰੂਫ ਔਰ ਕਾਬਲ ਤਾਜ਼ੀਮ ਵ ਤਕਰੀਮ ਖਿਆਲ ਕੀਆ ਜਾਤਾ ਹੈ। ਔਰ ਬੜੇ ਬੜੇ ਗੁਰਦਵਾਰੇ ਅੰਮ੍ਰਿਤਸਰ, ਅਨੰਦ ਪੁਰ. ਪਟਨਾ ਔਰ ਅਬਚਲ ਨਗਰ ਕੇ ਬਰਾਬਰ ਇਸ ਕੀ ਵੁਕਅਤ ਹੈ ਔਰ ਯਿਹ ਭੀ ਪਾਂਚਵਾਂ ਤਖਤ ਸਮਝਾ ਜਾਤਾ ਹੈ। ਮਜ਼ਬੀ ਮੁਆਮਲਾ ਮੇਂ ਫੈਸਲਾ ਤਲਬ ਅਮੂਰ ਮੇਂ ਯਹਾਂ ਕੇ ਮਹੰਤੋਂ ਸੇ ਭੀ ਰਾਇ ਲੀ ਜਾਤੀ ਹੈ। ਯਿਹ ਉਸ ਜਗ੍ਹਾ ਬਨਾਇਆ ਗਿਆ ਥਾ ਜਹਾਂ ਸੰਮਤ ੧੭੬੧ ਮੇਂ ਬਅਹਿਦ ਸਰਦਾਰ ਡਲਾ ਰਈਸ ਤਲਵੰਡੀ ਸਾਬੋਕੇ ਗੁਰੂ ਮਹਾਰਾਜ ਨੇ ੯ ਮਾਹ ਤਕ ਕਿਆਮ ਫੁਰਮਾਇਆ ਥਾ, ਔਰ ਉਸ ਵਕਤ ਆਦਿ ਗਰੰਥ ਲਿਖ ਕਰ ਤਹਿਰੀਰ ਫੁਰਮਾਇਆ। ਜਿਸ ਤਲਾਬ ਪਰ ਬੈਠ ਕਰ ਕਲਮ ਬਨਾਈ ਥੀ, ਉਸ ਕਾ ਨਾਮ ਲਿਖਣ ਸਰ ਹੈ।'

ਇਸ ਰਪੋਰਟ ਨੂੰ ਅਸੀਂ ਪ੍ਰਮਾਣੀਕ ਨਹੀਂ ਮੰਨ ਸਕਦੇ, ਇਸ ਲਈ ਕਿ 'ਤਸ਼ਖੀਸ' ਸ਼ਬਦ ਜ਼ਾਹਰ ਕਰਦਾ ਹੈ ਕਿ ਨਵੀਂ ਤਸ਼ਖੀਸ (ਖੋਜ) ਕੀਤੀ ਗਈ ਹੈ। ਦੂਜੇ ਇਹ ਹਜ਼ੂਰ ਸਾਹਿਬ ਦੀ ਘਟਨਾ ਤੋਂ ਬਾਈ ਸਾਲ ਬਾਹਦ ਦੀ ਹੈ। ਇਸਦੇ ਲਿਖਾਉਣ ਵਿਚ ਰਾਜਿਆਂ ਪੁਜਾਰੀਆਂ ਤੇ ਹੋਰ ਕਈਆਂ ਦਾ ਹਥ ਹੋ ਸਕਦਾ ਹੈ।



Digitized by Panjab Digital Library | www.panjabdigilib.org

ਹਜ਼ੂਰ ਸਾਹਿਬ ਦੀ ਘਟਨਾ ਦੇ ਪ੨ ਸਾਲ ਬਾਹਦ ਦਮਦਮੇ ਦੇ ਪੁਜਾਰੀਆਂ ਨੇ ਇਕ ਮਿਲਾਉਣੀ ਪਤ੍ਰ ਜਾਰੀ ਕੀਤਾ-

੧ ੴ ਸਤਿਗੁਰ ਪ੍ਰਸਾਦਿ ॥

ਨਿਸ਼ਾਨ ਮੋਹਰ

ਮਿਲਾਉਣੀ ਪਤਰ

ਹੁਕਮਨਾਮਾ ਸ੍ਰੀ ਗੁਰੂ ਕੀ ਕਾਸ਼ੀ ਦਮਦਮਾ ਸਾਹਿਬ ਤਖਤ ਸੇ ਨਿਰਮਲ ਅਖਾੜਾ ਕੋ ਦੀਆ ਗਿਆ, ਆਜ ਮਾਘ ੨੨ ਸੰਮਤ ੧੯੮੪ ਮੁਤਾਬਿਕ ਨਾਨਕ ਸ਼ਾਹੀ ੪੫੮ ਰਮਤ ਅਖਾੜਾੜਾ ਕੀ ਅਰਦਾਸ ਕੀਤੀ ਗਈ ਜਿਸ ਪ੍ਰਕਾਰ ਗੁਰਸਿਖੋਂ ਕੀ ਅਰਦਾਸ ਤਥਾ ਵਰਤਾਵ ਹੁੰਦਾ ਹੈ ਉਸੀ ਤਰ੍ਹਾਂ ਪੰਚਾਇਤੀ ਅਖਾੜਾ ਨਿਰਮਲਾ ਕੀ ਅਰਦਾਸ ਕਰਕੇ ਵਰਤਾਵ ਕੀਤਾ ਗਿਆ। ਆਜ ਸੇ ਜੋ ਸ੍ਰੀ ਗੁਰੂ ਦਸੋਂ ਕਾ ਸਿਖ ਹੋ ਅਖਾੜਾ ਨਿਰ-ਮਲਾ ਕੋ ਆਪਣਾ ਅਖਾੜਾ ਸਮਝ ਕਰ ਤਨ ਮਨ ਧਨ ਸੇ ਸੇਵਾ ਕਰੇ।

ਬਾਵਜੂਦ ਇਸ ਦੇ ਦਮਦਮਾ ਸਾਹਿਬ ਗੁ. ਐਕਟ ੧੯੨੫ ਈ. ਤੀਕ ਤਖਤ ਨਹੀਂ ਮੰਨਿਆ ਗਿਆ, ਪਰ ਬਾਹਦ ਵਿਚ ਫਿਰ ਇਥੋਂ ਦੇ ਸਰਕਾਰੀ ਰੀਕਾਰਡ ਨੂੰ ਬਦਲਣ ਦੀ ਕੋਸ਼ਸ਼ ਵੀ ਕੀਤੀ ਗਈ ਹੈ।

ਗਿਆਨੀ ਗੁਰਦਿਤ ਸਿੰਘ ਜੀ ਤੇ ਗਿਆਨੀ ਬਲਵੰਤ ਸਿੰਘ ਜੀ ਗੁਰੂ ਕੋਠਾ ਨੇ ਲਿਖਿਆ ਹੈ-

'ਵਰਤਮਾਨ ਗੁਰਦਵਾਰਾ ਸੋਧ ਐਕਟ ੧੯੫੯ ਵਿਚ ਜਿਥੇ ਦਫਾ ੮੫ ਦੇ ਗੁਰਦਵਾਰਿਆਂ ਦਾ ਜ਼ਿਕਰ ਹੈ, ਉਥੇ ਦਮਦਮਾ ਸਾਹਿਬ ਨੂੰ ਤਖਤ ਮੰਨਦਿਆਂ ਹੋਇਆਂ, ਇਸ ਬਿਲ ਦੇ ਸਫਾ ੧੦ ਤੇ ਪ੍ਰਕਾਸ਼ਤ ਹੈ। ਇਸ ਤੋਂ ਬਿਨਾਂ ਇਸੇ ਬਿਲ ਦੀ ਗੁਰਦਵਾਰਾ ਸੂਚੀ ਵਿਚ ਇਸ ਅਸਥਾਨ ਨੂੰ ਤਿੰਨ ਵੇਰ ਤਖਤ ਕਰਕੇ ਲਿਖਿਆ ਹੈ।'

(ਵੇਖੋ 'ਪੰਥ' ਦਿਲੀ ੭ ਜੂਨ ੧੯੬੩)

ਤਰਮੀਮੀ ਗੁਰਦਵਾਰਾ ਬਿਲ ਵਿਚ ਦਮਦਮੇ ਸਾਹਿਬ ਨੂੰ ਤਖਤ ਲਿਖਵਾਉਣ ਦਾ ਜਤਨ ਕੀਤਾ ਗਿਆ ਹੈ। ਸਾਡੀ ਇਤਲਾਹ ਹੈ ਕਿ



Digitized by Panjab Digital Library | www.panjabdigilib.org

੧੯੫੯ ਵਿਚ ਜਦ ਗੁਰਦਵਾਰਾ ਤਰਮੀਮੀ ਬਿਲ ਪਾਸ ਹੋਇਆ ਤੇ ਪੈਪਸੂ ਦੇ ਪੰਜਾਬ ਵਿਚ ਲੀਨ ਹੋਣ ਬਾਬਤ ਜ. ਪ੍ਰੀਤਮ ਸਿੰਘ ਗੁਜਰਾਂ, ਜ. ਬਲਵੰਤ ਸਿੰਘ ਚਨਾਰਥਲ ਤੇ ਗਿ. ਮਹਿੰਦਰ ਸਿੰਘ ਸਕਤ੍ਰ ਧਰਮ ਅਰਥ ਬੋਰਡ ਪੈਪਸੂ ਡੈਪੂਟੇਸ਼ਨ ਦੀ ਸ਼ਕਲ ਵਿਚ ਸ. ਪ੍ਰਤਾਪ ਸਿੰਘ ਕੈਰੋਂ ਮੁਖ ਮੰਤਰੀ ਪੰਜਾਬ ਨੂੰ ਮਿਲੇ। ਉਨ੍ਹਾਂ ਨੇ ਕਿਹਾ ਕਿ ਪੈਪਸੂ ਦੇ ਗੁਰਦਵਾਰੇ ਸ਼ਰੋਮਣੀ ਕਮੇਟੀ ਦੇ ਅਧੀਨ ਕਰਨ ਦੇ ਨਾਲ ਦਮਦਮਾ ਸਾਹਿਬ ਨੂੰ ਤਖਤ ਕਰਾਰ ਦਿਤਾ ਜਾਵੇ। ਪਰ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਜਥੇਦਾਰ ਗੁਜਰਾਂ ਤੇ ਚਨਾਰਥਲ ਨੂੰ ਕਿਹਾ—

'ਮੈਂ ਭਾਈ ਨਿਹਾਲ ਸਿੰਘ ਸਿੰਘਸਭੀਏ ਦਾ ਪੁਤਰ ਹਾਂ। ਜਥੇਦਾਰ ਜੀ, ਪੰਥ ਦੇ ਤਖਤ ਤਾਂ ਚਾਰ ਮੰਨੇ ਗਏ ਹਨ। ਦਮਦਮੇ ਸਾਹਿਬ ਨੂੰ ਤਖਤ ਬਨਾਉਣ ਦੀ ਗੱਲ ਜਾਣ ਦਿਓ।'

(ਵੇਖੋ ਗਿ ਅੰਮ੍ਰਿਤ ਜੂਨ ੧੯੬੪ ਸਫ਼ਾ ੪੨)

ਸ਼ਰੋਮਣੀ ਕਮੇਟੀ ਤੇ ਪੰਥ ਦੀ ਪ੍ਰਵਾਨਗੀ ਤੋਂ ਬਿਨਾਂ ਜਦ ੧੯੬੩ ਵਿਚ ਦਮਦਮੇ ਸਾਹਿਬ ਨੂੰ ਤਖਤ ਕਿਹਾ ਗਿਆ, ਉਸ ਦੇ ਵਿਰੁਧ ਸਿਖ ਸੰਗਤਾਂ ਨੇ ਰੋਸ ਪ੍ਰਗਟ ਕੀਤਾ, ਜਿਸ ਦੇ ਉਤਰ ਵਿਚ ਪ੍ਰੋ: ਹਰਬੰਤ ਸਿੰਘ ਸਕੱਤ੍ਰ ਸ਼ਰੋਮਣੀ ਕਮੇਟੀ ਨੇ ਹੇਠ ਲਿਖਿਆ ਬਿਆਨ ਜਾਰੀ ਕੀਤਾ—

'ਤਖਤ ਸ੍ਰੀ ਦਮਦਮਾਂ ਸਾਹਿਬ ਸਾਬੋਕੀ ਤਲਵੰਡੀ ਸਬੰਧੀ ਕੁਝ ਸਜਣਾਂ ਵਲੋਂ ਕੁਝ ਪਤ੍ਰਕਾਵਾਂ ਪੁਜੀਆਂ ਹਨ। ਉਹਨਾਂ ਤੇ ਬਾਕੀ ਸਿਖ ਸੰਗਤਾਂ ਦੀ ਗਿਆਤ ਲਈ ਪ੍ਰਧਾਨ ਸਾਹਿਬ ਸ਼ਰੋਮਣੀ ਗੁ: ਪ੍ਰ: ਕਮੇਟੀ ਦੀ ਆਗਿਆ ਅਨੁਸਾਰ ਪ੍ਰਕਾਸ਼ਤ ਕੀਤਾ ਜਾਂਦਾ ਹੈ ਕਿ ਸ਼ਰੋਮਣੀ ਗੁ: ਪ੍ਰ: ਕਮੇਟੀ ਨੇ ਤਖਤ ਸ੍ਰੀ ਦਮਦਮਾ ਸਾਹਿਬ ਦਾ ਪ੍ਰਬੰਧ ੩੦ ਮਾਰਚ ੧੯੬੩ ਤੋਂ ਸੰਭਾਲ ਲਿਆ ਹੈ। ਸ਼ਰੋਮਣੀ ਗੁ: ਪ੍ਰ. ਕਮੇਟੀ ਵਲੋਂ ਕਿਸੇ ਜਗਾ ਨੂੰ ਪੰਜਵਾਂ ਤਖਤ ਡੈਕਲੇਅਰ ਕਰਨ ਦਾ ਕੋਈ ਐਲਾਨ ਨਹੀਂ ਕੀਤਾ ਗਿਆ ਤੇ ਨਾ ਹੀ ਅਸੀਂ ਇਸ ਬਹਿਸ ਵਿਚ ਪੈਣ ਨੂੰ ਤਿਆਰ ਹਾਂ ਕਿ ਤਖਤ ਸ੍ਰੀ ਦਮਦਮਾ ਸਾਹਿਬ ਕਿੰਨਵਾਂ ਤਖਤ ਹੈ। ਅਸੀਂ ਤਾਂ ਕੇਵਲ ਇਤਨਾ ਹੀ ਜਾਣਦੇ ਹਾਂ ਕਿ ਤਲਵੰਡੀ ਸਾਬੋ ਵਿਖੇ ਇਕ ਇਤਿਹਾਸਕ ਅਸਥਾਨ ਹੈ,



Digitized by Panjab Digital Library | www.panjabdigilib.org

ਜਿਸ ਨੂੰ ਸਿਖ ਗੁਰਦੁਆਰਾ ਐਕਟ ਵਿਚ ਅਤੇ ਸਰਕਾਰੀ ਮਾਲ ਦੇ ਕਾਗਜ਼ਾਂ ਵਿਚ ਤਖਤ ਸ੍ਰੀ ਦਮਦਮਾ ਸਾਹਿਬ ਦੇ ਨਾਮ ਨਾਲ ਸੰਬੋਧਨ ਕੀਤਾ ਜਾਂਦਾ ਹੈ।

'ਤਖਤ ਸ੍ਰੀ ਦਮਦਮਾ ਸਾਹਿਬ ਦਾ ਪ੍ਰਬੰਧ ਦਫਾ ੮੫ ਦੇ ਹੋਰ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਤਰ੍ਹਾਂ ਸ਼ਰੋਮਣੀ ਗੁ: ਪ੍ਰ. ਕਮੇਟੀ ਦੀ ਅੰਤਰਿੰਗ ਕਮੇਟੀ ਨੇ ਬਹੈਸੀਅਤ ਪ੍ਰਬੰਧਕ ਕਮੇਟੀ ਸੰਭਾਲ ਲਿਆ ਹੈ।'

(ਵੇਖੋ 'ਖਾਲਸਾ ਸਮਾਚਾਰ' ੯-੫-੬੩)

ਸਕੱਤਰ ਸਾਹਿਬ ਸ਼ਰੋਮਣੀ ਕਮੇਟੀ ਦਾ ਉਪਰੋਕਤ ਬਿਆਨ ਆਪਾ-ਵਿਰੋਧੀ ਤੇ ਗੁੰਝਲਦਾਰ ਹੈ।

ਉਸਤੋਂ ਬਾਹਦ ੧੩ ਨਵੰਬਰ ੧੯੬੩ ਦੇ ਅਖਬਾਰ'ਕੌਮੀਦਰਦ' ਜਲੰਧਰ ਦੇ ਪਰਚੇ ਵਿਚ ਸੰਤ ਫਤਹਿ ਸਿੰਘ ਜੀ ਦਾ ਬਿਆਨ ਛਪਿਆ-

'ਤਖਤ ਸ੍ਰੀ ਦਮਦਮਾ ਸਾਹਿਬ ਵਿਚ ਸੰਗਤਾਂ ਦੀ ਮੰਗ ਅਨੁਸਾਰ ਤਖਤ ਵਾਲੀ ਮਰਯਾਦਾ ਕਾਇਮ ਕਰ ਦਿਤੀ ਗਈ ਹੈ। ਸੰਤ ਹਰਿਚੰਦ ਸਿੰਘ ਜੀ ਨੂੰ 'ਸਿੰਘ ਸਾਹਿਬ' ਥਾਪਿਆ ਗਿਆ ਹੈ ਅਤੇ ਭਾਈ ਚੰਨਣ ਸਿੰਘ ਜੀ ਨੂੰ ਹੈਡ ਗਰੰਥੀ।'

ਸੰਤ ਜੀ ਦੀ ਇਹ ਲਿਖਤ ਸਾਬਤ ਕਰਦੀ ਹੈ ਕਿ ਦਮਦਮਾ ਸਾਹਿਬ ਪਹਿਲਾਂ ਕਦੀ ਤਖਤ ਨਹੀਂ ਸੀ। ਇਸ ਨੂੰ ਸ਼ਰੋਮਣੀ ਕਮੇਟੀ ਤੇ ਪੰਥ ਦੀ ਪ੍ਰਵਾਨਗੀ ਬਿਨਾਂ ਤਖ਼ਤ ਕਰਾਰ ਦੇਣਾ ਗਲਤ ਹੈ।

ਸ: ਚੰਦਾ ਸਿੰਘ ਰਾਮਾ ਜਨਰਲ ਸਕੱਤਰ ਅਕਾਲੀ ਜਥਾ ਜ਼ਿਲਾ ਬਠਿੰਡਾ (ਮਾਸਟਰ ਗਰੁਪ) ਨੇ ੯ ਮਈ ੧੯੬੪ ਨੂੰ ਅੰਮ੍ਰਿਤਸਰ ਵਿਚ ਕਿਹਾ-

'ਹੁਣ ਤਕ ਸੰਤ ਫਤਹਿ ਸਿੰਘ ਅਤੇ ਉਸ ਦੇ ਸਾਥੀ ਮਾਲਵੇ ਦੇ ਸ਼ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਇਹ ਕਹਿ ਕੇ ਧੋਖੇ ਵਿਚ ਪਾਉਂਦੇ ਰਹੇ ਕਿ ਉਹ ਗੁਰੂ ਕੀ ਕਾਂਸ਼ੀ ਦਮਦਮਾ ਸਾਹਿਬ ਨੂੰ ਪੰਜਵਾਂ ਤਖਤ ਬਣਾਉਣਗੇ ਅਤੇ ਨਾਲ ਹੀ ਇਥੇ ਜ਼ਰਾਇਤੀ ਕਾਲਜ ਕਾਇਮ ਕਰਨਗੇ। ਫਤਹਿ ਸਿੰਘ ਨੇ ਪਿਛਲੀ ਵਿਸਾਖੀ ਸਮੇਂ ਸ੍ਰੀ ਦਮਦਮਾ ਸਾਹਿਬ ਨੂੰ ਪੰਜਵਾਂ ਤਖਤ ਕਾਇਮ ਕਰਨ ਦਾ ਐਲਾਨ ਕੀਤਾ ਅਤੇ ਉਸ ਦੇ ਜੇਠੇ ਚੇਲੇ ਸੰਤ ਚੰਨਣ



Digitized by Panjab Digital Library | www.panjabdigilib.org

ਸਿੰਘ ਪ੍ਰਧਾਨ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਸਕਤਰ ਸ਼ਰੋਮਣੀ ਕਮੇਟੀ ਨੇ ਫਤਹਿ ਸਿੰਘ ਦੇ ਇਸ ਬਿਆਨ ਦੀ ਤਰਦੀਦ ਕਰਦਿਆਂ ਕਿਹਾ ਕਿ ਸ਼ਰੋਮਣੀ ਕਮੇਟੀ ਨੇ ਅਜੇਹਾ ਕੋਈ ਫੈਸਲਾ ਨਹੀਂ ਕੀਤਾ।'

(ਵੇਖੋ ਅਜੀਤ ੧੦ ਮਈ ੧੯੬੪ ਸਫਾ ੬)

ਸ: ਚੰਦਾ ਸਿੰਘ ਦੇ ਇਸ ਬਿਆਨ ਤੋਂ ਸਾਬਤ ਹੁੰਦਾ ਹੈ ਕਿ ਪਿਛਲੀਆਂ ਗੁਰਦਵਾਰਾ ਚੋਣਾਂ ਵਿਚ ਉਸ ਇਲਾਕੇ ਦੀਆਂ ਸੰਗਤਾਂ ਨੂੰ ਦਮਦਮੇ ਸਾਹਿਬ ਨੂੰ ਤਖਤ ਬਨਾਉਣ ਦਾ ਲਾਰਾ ਦਿਤਾ ਗਿਆ। ਉਸ ਅਨੁਸਾਰ ਉਸ ਨੂੰ ਤਖਤ ਪ੍ਰਗਟ ਕਰਨ, ਉਥੇ ਤਖਤਾਂ ਦੀ ਮਰਯਾਦਾ ਕਾਇਮ ਕਰਨ ਤੇ ਸਿੰਘ ਸਾਹਿਬ ਥਾਪਣ ਦਾ ਐਲਾਨ ਵੀ ਕੀਤਾ ਗਿਆ ਹੈ। ਪਰ ਇਹ ਗੱਲ ਸ਼ਰੋਮਣੀ ਕਮੇਟੀ ਦੇ ਆਪਣੇ ਫੈਸਲਿਆਂ ਦੇ ਉਲਟ ਹੈ। ਦਮਦਮਾ ਸਾਹਿਬ ਬਾਰੇ ਰਪੋਰਟ ਨਵੰਬਰ ੧੯੬੫ ਦੇ ਗੁਰਦਵਾਰਾ ਗਜ਼ਟ ਵਿਚ ਛਪੇ, ਉਸ ਪਰ ਸ਼ਰੋਮਣੀ ਕਮੇਟੀ ਜਾਂ ਪੰਥ ਕੋਈ ਫੈਸਲਾ ਹੀ ਨਾ ਦੇਵੇ, ਤੇ ਦੋ ਸਾਲ ਪਹਿਲਾਂ ਹੀ ਦਮਦਮੇ ਸਾਹਿਬ ਨੂੰ ਤਖਤ ਕਰਾਰ ਦੇਣਾ ਅਸੂਲਨ ਗਲਤ ਹੈ ਤੇ ਜਥੇਬੰਦੀ ਨਾਲ ਮਖੌਲ ਹੈ। ਜੇ ਗੁਰਦਵਾਰਾ ਚੋਣਾਂ ਵਿਚ ਇਕ ਪਾਰਟੀ ਤਾਕਤ ਵਿਚ ਆ ਕੇ ਪੰਚਾਇਤੀ ਅਸੂਲਾਂ ਦੇ ਵਿਰੁਧ ਕਿਸੇ ਗੁਰਦਵਾਰੇ ਨੂੰ ਤਖਤ ਬਣਾ ਸਕਦੀ ਹੈ, ਤਾਂ ਕੱਲ ਨੂੰ ਦੂਜੀ ਪਾਰਟੀ ਆ ਕੇ ਇਸ ਫੈਸਲੇ ਨੂੰ ਬਦਲ ਸਕਦੀ ਹੈ।

ਸ਼ਰੋਮਣੀ ਕਮੇਟੀ ਵਲੋਂ ੧੯੬੫ ਦੀ ਡਾਇਰੀ ਪ੍ਰਕਾਸ਼ਤ ਕੀਤੀ ਗਈ, ਉਸ ਵਿਚ ਦਮਦਮੇ ਸਾਹਿਬ ਦੀ ਤਸਵੀਰ ਦੇ ਕੇ ਉਸ ਦੇ ਥਲੇ ਤਖਤ ਦਾ ਸ਼ਬਦ ਲਿਖਿਆ ਹੈ, ਜੋ ਸ਼ਰੋਮਣੀ ਕਮੇਟੀ ਦੀ ਪਾਸ ਕੀਤੀ ਹੋਈ ਰਹਿਤ ਮਰਯਾਦਾ, ਫੈਸਲਿਆਂ ਤੇ ਲਿਖਤਾਂ ਦੇ ਉਲਟ ਹੈ।

ਪੰਥ ਨੇ ਕਦੀ ਵੀ ਦਮਦਮੇ ਸਾਹਿਬ ਨੂੰ ਤਖਤ ਨਹੀਂ ਮੰਨਿਆ।

ਉਪਰੋਕਤ ਸਾਰੀਆਂ ਲਿਖਤਾਂ, ਬਿਆਨ ਤੇ ਵਾਕਿਆਤ ਪੜ੍ਹ ਕੇ ਪਾਠਕ ਨਿਰਨਾ ਕਰਨ ਕਿ ਨਵੇਂ ਤਖਤ ਦਾ ਪਿਛੋਕੜ ਅਤੇ ਅਸਲੀਅਤ ਕੀ ਹੈ?

---



Digitized by Panjab Digital Library | www.panjabdigilib.org

੮.

# ਇਕ ਪੱਖੀ ਤੇ ਗ਼ਲਤ ਰਪੋਰਟ

ਸ਼ਰੋਮਣੀ ਕਮੇਟੀ ਦੇ ਨਵੰਬਰ ੧੯੬੫ ਦੇ ਗੁਰਦਵਾਰਾ ਗਜ਼ਟ ਵਿਚ ਤਖ਼ਤਾਂ ਬਾਰੇ ਗਿ. ਗੁਰਦਿਤ ਸਿੰਘ ਦੀ ਲਿਖੀ ਹੋਈ ੩੦੦ ਸਫੇ ਦੀ ਤਿੰਨ ਹਜ਼ਾਰ ਦੀ ਗਿਣਤੀ ਵਿਚ ਇਕ ਪੱਖੀ ਤੇ ਗ਼ਲਤ ਰਪੋਰਟ ਛਪੀ ਹੈ। ਜਿਸ ਦੇ ਟਾਈਟਲ ਤੇ ਲਿਖਿਆ ਹੈ–'ਇਸ ਵਿਚ ਤਖ਼ਤ ਦਮਦਮਾ ਸਾਹਿਬ ਅਤੇ ਦੂਜੇ ਤਖ਼ਤਾਂ ਬਾਰੇ ਸਬ ਕਮੇਟੀ ਦੀ ਰਪੋਰਟ ਸ਼ਾਮਲ ਹੈ।'

ਸਫ਼ਾ ੧੧ ਤੇ ਲਿਖਿਆ ਹੈ–'ਗੁ ਤਖਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋਕੀ) ਨੂੰ ਪੰਜਵਾਂ ਤਖਤ ਕਰਾਰ ਦੇਣ ਸੰਬੰਧੀ ਰਪੋਰਟ।'

ਗਜ਼ਟ ਦੇ ਸਫ਼ਾ ੧੬ ਤੇ ਇਹ ਸ਼ਬਦ ਦਰਜ ਹਨ–'ਸ਼ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਦੇ ਮਤਾ ਨੰ. ੨੨੩ ਮਿਤੀ ੨੩-੧੧-੬੨ ਅਨੁਸਾਰ ਪੰਥ ਵਿਚ ਚਲ ਰਹੇ ਇਕ ਮਤ-ਭੇਦੀ ਮਸਲੇ ਬਾਰੇ ਕਿ ਸ੍ਰੀ ਦਮਦਮਾ ਸਾਹਿਬ ਤਖਤ ਹੈ ਕਿ ਨਹੀਂ, ਸ਼ਰੋਮਣੀ ਕਮੇਟੀ ਨੇ ਦੋ ਵਿਦਵਾਨਾਂ ਗਿਆਨੀ ਗੁਰਦਿਤ ਸਿੰਘ ਐਮ. ਐਲ. ਸੀ. ਤੇ ਪਰੋਫੈਸਰ ਸਤਬੀਰ ਸਿੰਘ ਜੀ ਐਮ. ਏ. ਤੇ ਨਿਰਭਰ ਇਕ ਸਬ-ਕਮੇਟੀ ਬਣਾਈ, ਜਿਸ ਨੇ ਸਾਰੇ ਤਖਤਾਂ ਉਤੇ ਜਾ ਕੇ ਤਖਤ ਸਾਹਿਬ ਦੇ ਬਣਨ ਤੇ ਮੰਨੇ ਜਾਣ ਅਤੇ ਉਥੋਂ ਦੀ ਮਰਯਾਦਾ ਤੇ ਇਤਿਹਾਸਕ ਸਬੂਤਾਂ ਦੇ ਆਧਾਰ ਉਤੇ ਖੋਜ ਕਰਕੇ ਸ਼ਰੋਮਣੀ ਕਮੇਟੀ ਪਾਸ ਅਗਲੀ ਕਾਰਵਾਈ ਲਈ ਰਪੋਰਟ ਕਰਨੀ ਹੈ।'

ਪਰ ਗੁਰਦਵਾਰਾ ਗਜ਼ਟ ਵਿਚ ਦਮਦਮੇ ਸਾਹਿਬ ਨੂੰ ਪੰਜਵਾਂ ਤਖਤ



Digitized by Panjab Digital Library | www.panjabdigilib.org

ਕਰਾਰ ਦੇਣ ਲਈ ਜੋ ਰਪੋਰਟ ਪ੍ਰਕਾਸ਼ਤ ਕੀਤੀ ਗਈ ਹੈ, ਉਸ ਪਰ ਪ੍ਰੋਫੈਸਰ ਸਤਬੀਰ ਸਿੰਘ ਜੀ ਦਾ ਲਿਖਿਆ ਕੋਈ ਨੋਟ ਜਾਂ ਦਸਤਖਤ ਨਹੀਂ, ਜਿਸ ਦਾ ਭਾਵ ਇਹ ਹੈ ਕਿ ਉਹ ਗਿਆਨੀ ਗੁਰਦਿਤ ਸਿੰਘ ਜੀ ਨਾਲ ਦਮਦਮੇ ਸਾਹਿਬ ਨੂੰ ਤਖਤ ਬਨਾਉਣ ਬਾਰੇ ਸਹਿਮਤ ਨਹੀਂ ਸਨ । ਇਸ ਲਈ ਉਨ੍ਹਾਂ ਨੂੰ ਹਟਾ ਕੇ ਗਿਆਨੀ ਹਰਿਭਗਤ ਸਿੰਘ ਜੀ ਨੂੰ ਮੈਂਬਰ ਨੀਯਤ ਕੀਤਾ ਗਿਆ । ਇਸ ਰਪੋਰਟ ਦੇ ਵਿਰੁਧ ਪ੍ਰੋ ਸਤਬੀਰ ਸਿੰਘ ਦਾ ਇਕ ਬਿਆਨ ਗਿਆਨ ਅੰਮ੍ਰਿਤ ਜੁਲਾਈ ੧੯੬੬ ਦੇ ਪ੍ਰਕਾਸ਼ਤ ਹੋਇਆ ਹੈ, ਜੋ ਅਗੇ ਚਲ ਕੇ ਦਿਤਾ ਗਿਆ ਹੈ । ਰਪੋਰਟ ਦੀ ਲਿਖਤ ਸਾਬਤ ਕਰਦੀ ਹੈ ਕਿ ਇਹ ਸਬ-ਕਮੇਟੀ ਦੀ ਰਪੋਰਟ ਨਹੀਂ ਬਲਕਿ ਇਕਲੇ ਗਿਆਨੀ ਗੁਰਦਿਤ ਸਿੰਘ ਦੀ ਲਿਖੀ ਹੋਈ ਹੈ । ਉਦਾਹਰਣ ਲਈ ਗੁਰਦੁਆਰਾ ਗਜ਼ਟ ਦੇ ਸਫਾ ੨੯੩ ਤੇ ਧੂਰੀ ਦੀਵਾਨ ਦੀ ਕਾਰਵਾਈ ਦਿੰਦੇ ਹੋਏ ਲਿਖਿਆ ਹੈ–'ਇਸ ਮਜ਼ਮੂਨ ਪਰ ਦਾਸ (ਗਿਆਨੀ ਗੁਰਦਿਤ ਸਿੰਘ) ਵੀ ਬੋਲਿਆ'। ਇਸੇ ਤਰ੍ਹਾਂ ਸਫਾ ੨੯੬ ਤੇ ਦਰਜ ਹੈ–'ਇਨ੍ਹਾਂ ਸਤਰਾਂ ਦਾ ਲੇਖਕ ਉਸ ਬੋਰਡ ਦਾ ਵਰਕਿੰਗ ਮੈਂਬਰ ਤੇ ਕੁਝ ਚਿਰ ਜਨਰਲ ਸਕੱਤ੍ਰ ਰਿਹਾ ।'

ਸ਼੍ਰੋਮਣੀ ਕਮੇਟੀ ਵਲੋਂ ਇਕ-ਪੁਰਖੀ ਰਪੋਰਟ ਨੂੰ ਸਬ-ਕਮੇਟੀ ਦੀ ਰਪੋਰਟ ਪ੍ਰਗਟ ਕਰਨਾ ਅਤੇ ਗੁਰਦੁਆਰਾ ਗਜ਼ਟ ਨਵੰਬਰ ੧੯੬੫ ਦੇ ਟਾਈਟਲ ਤੇ ਲਿਖਣਾ–'ਇਸ ਵਿਚ ਤਖਤ ਸ੍ਰੀ ਦਮਦਮਾ ਸਾਹਿਬ ਅਤੇ ਦੂਜੇ ਤਖਤਾਂ ਬਾਰੇ ਸਬ-ਕਮੇਟੀ ਦੀ ਰਪੋਰਟ ਵੀ ਹੈ' ਬਿਲਕੁਲ ਗਲਤ ਅਤੇ ਸਿਖ ਸੰਗਤਾਂ ਨੂੰ ਟਪਲਾ ਦੇਣ ਵਾਲੀ ਗਲ ਹੈ। ਅਸਲ ਵਿਚ ਗਿਆਨੀ ਗੁਰਦਿਤ ਸਿੰਘ ਦੀ ਲਿਖੀ ਹੋਈ ਇਕ ਪੱਖੀ ਤੇ ਇਕ ਪੁਰਖੀ ਰਪੋਰਟ ਨੂੰ ਗੁਰਦੁਆਰਾ ਗਜ਼ਟ ਵਿਚ ਪ੍ਰਕਾਸ਼ਤ ਕਰਕੇ, ਪੰਥਕ ਜਥੇਬੰਦੀਆਂ ਦੀਆਂ ਰਾਵਾਂ ਲੈਣ ਤੋਂ ਪਹਿਲਾਂ ਇਸ ਰਪੋਰਟ ਦੀਆਂ ਗਲਤ ਲਿਖਤਾਂ ਦੇ ਆਧਾਰ ਤੇ ਦਮਦਮੇ ਸਾਹਿਬ ਨੂੰ ਤਖਤ ਸਾਬਤ ਕਰਨ ਲਈ ਲੋਕ ਰਾਇ ਬਨਾਉਣ ਤੇ ਟਪਲਾ ਦੇਣ ਦਾ ਜਤਨ ਕੀਤਾ ਗਿਆ ਹੈ।

ਗਿਆਨੀ ਗੁਰਦਿਤ ਸਿੰਘ ਨੇ ਦਮਦਮੇ ਸਾਹਿਬ ਨੂੰ ਤਖਤ ਸਾਬਤ ਕਰਨ ਲਈ ਆਪਣੀ ਰਪੋਰਟ ਤੇ ਗੁਰਦੁਆਰਾ ਗਜ਼ਟ ਦੇ ਸਫਾ ੨੭੨



Digitized by Panjab Digital Library | www.panjabdigilib.org

ਤੇ ਇਕ ਅਧੂਰਾ ਬਲਾਕ ਦਿਤਾ ਹੈ, ਜਿਸ ਤੇ ਇਹ ਅਖਰ ਦਰਜ ਹਨ–

ਸ਼ਹਿਜ਼ਾਦ ਪੁਰ ਦਾ ਮੋਹਰ ਤਖਤ ਦਮਦਮਾ ਸਾਹਿਬ ਦੀ

ਮਾਰਫਤ ਲਿਖਤ ਸ੍ਰੀ ਦਰਬਾਰ ੧ ਓ ਸਤਿਗੁਰ ਪ੍ਰਸਾਦਿ।
ਦਮਦਮੇ ਸਾਹਿਬ ਥੰ:

ਬਲਾਕ ਦੇ ਥਲੇ ਸਤਰ ਦਿਤੀ ਹੈ–

'ਤਖਤ ਦਮਦਮੇ ਦੀ ਮੋਹਰ ਲਾਉਣ ਦਾ ਇਕ ਵਹੀ ਉਤੇ ਇੰਦਰਾਜ।'

ਇਸ ਦੀ ਸਾਰੀ ਇਬਾਰਤ ਤੇ ਥਲਵੀਂ ਸਤਰ ਨੂੰ ਪੜ੍ਹਿਆਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਇਬਾਰਤ ਤੇ ਮੋਹਰ ਬਨਾਉਟੀ ਹੈ। ਮੋਹਰ ਤੇ ਪੜ੍ਹੀ ਹੀ ਨਹੀਂ ਜਾਂਦੀ। ਦੂਜੇ ਤਖਤਾਂ ਦੀਆਂ ਮੋਹਰਾਂ ਹਮੇਸ਼ਾਂ ਪੰਥਕ ਹੁਕਮ-ਨਾਮਿਆਂ ਤੇ ਧਾਰਮਿਕ ਫੈਸਲਿਆਂ ਤੇ ਲਾਈਆਂ ਜਾਂਦੀਆਂ ਹਨ। ਲੇਖੇ ਪਤੇ ਦੀਆਂ ਵਹੀਆਂ ਉਤੇ ਕਦੀ ਤਖਤਾਂ ਦੀ ਮੋਹਰ ਨਹੀਂ ਵਰਤੀ ਗਈ। ਤਖਤ ਦੀ ਮੋਹਰ ਦੇ ਨਾਲ ਸ਼ਹਿਜ਼ਾਦ ਪੁਰ ਦੇ ਕੀ ਮਾਇਨੇ ? ਸਪਸ਼ਟ ਹੈ ਕਿ ਇਹ ਬਣਾਈ ਗਈ ਹੈ।

ਚਾਰ ਤਖਤਾਂ ਬਾਰੇ ਅਜ ਤੀਕ ਪੰਥ ਵਿਚ ਕਦੀ ਦੋ ਰਾਵਾਂ ਨਹੀਂ ਹੋਈਆਂ। ਸ਼੍ਰੋਮਣੀ ਕਮੇਟੀ ਦੀ 'ਰਹਿਤ ਮਰਯਾਦਾ' ਵਿਚ ਚਾਰ ਤਖਤ ਹੀ ਲਿਖੇ ਹਨ ਅਤੇ ਚੌਹਾਂ ਦਾ ਹੀ ਅਰਦਾਸ ਵਿਚ ਨਾਮ ਲਿਆ ਜਾਂਦਾ ਹੈ। ਗਿ: ਗੁਰਦਿਤ ਸਿੰਘ ਨੇ ਦਮਦਮੇ ਸਾਹਿਬ ਨੂੰ ਤਖਤ ਸਿਧ ਕਰਨ ਲਈ ਦੁਬਿਧਾ ਵਿਚ ਫਸ ਕੇ ਤਖਤਾਂ ਦਾ ਸਤਕਾਰ ਘਟ ਕਰਨ, ਪੰਥ ਵਿਚ ਫੁਟ ਪਾਉਣ ਤੇ ਜਥੇਬੰਦੀ ਨੂੰ ਕਮਜ਼ੋਰ ਕਰਨ ਲਈ ਇਕ ਘੋਰ ਪਾਪ ਤੇ ਅਪਰਾਧ ਇਹ ਕੀਤਾ ਹੈ ਕਿ ਇਸ ਰਪੋਰਟ ਵਿਚ ਹਜ਼ੂਰ ਸਾਹਿਬ ਨੂੰ ਤਖਤ ਮੰਨਣ ਤੋਂ ਇਨਕਾਰ ਕੀਤਾ ਹੈ।

ਗਿਆਨੀ ਜੀ ਆਪਣੀ ਰਪੋਰਟ ਤੇ ਗੁਰਦੁਆਰਾ ਗਜ਼ਟ ਦੇ ਸਫਾ ੨੯੬ ਪਰ 'ਅਰਦਾਸ ਤੇ ਤਖਤ' ਦੇ ਸਿਰਲੇਖ ਹੇਠ ਲਿਖਦੇ ਹਨ–

'ਸ਼੍ਰੋਮਣੀ ਕਮੇਟੀ ਦੇ ਰਹਿਤ ਮਰਯਾਦਾ ਦੇ ਖਰੜੇ ਵਿਚ



Digitized by Panjab Digital Library | www.panjabdigilib.org

ਦਿਤੀ ਹੋਈ ਅਰਦਾਸ ਵਿਚ ਇਕ ਤੁਕ ਆਉਂਦੀ ਹੈ–'ਚੌਹਾਂ ਤਖਤਾਂ ਦਾ ਧਿਆਨ ਧਰ ਕੇ ਖਾਲਸਾ ਜੀ ਸਾਹਿਬ ਬੋਲੋ ਜੀ ਵਾਹਿਗੁਰੂ।' ਭਾਵੇਂ ਇਸ ਅਰਦਾਸ ਵਿਚ ਸਬੰਧਤ ਚੌਹਾਂ ਤਖਤਾਂ ਦੇ ਨਾਮ ਨਹੀਂ ਦਿਤੇ ਹੋਏ, ਜਿਸ ਕਰਕੇ ਚੌਥਾ ਤਖਤ ਦਮਦਮਾ ਸਾਹਿਬ ਹੈ। ਪੁਰਾਤਨ ਪੋਥੀ ਤੋਂ ਵੀ ਸਿਧ ਹੁੰਦਾ ਹੈ। ਹਜ਼ੂਰ ਸਾਹਿਬ ਵਿਚ ਸ਼ਾਮਲ ਨਹੀਂ ਹੁੰਦਾ। ਇਸ ਤਰ੍ਹਾਂ ਚੌਥਾ ਤਖਤ ਦਮਦਮਾ ਸਾਹਿਬ ਚੌਹਾਂ ਤਖਤਾਂ ਵਿਚ ਆਵਸ਼ਕ ਸ਼ਾਮਲ ਹੋ ਜਾਂਦਾ ਹੈ।' (ਦੇਖੋ ਗੁ: ਗਜ਼ਟ ਨਵੰਬਰ ੧੯੬੫ ਪੰਨਾ ੨੮੬)

ਇਸ ਤੋਂ ਵਧ ਕੇ ਹੋਰ ਕੋਈ ਝੂਠ ਹੋ ਨਹੀਂ ਸਕਦਾ।

ਸ਼ਰੋਮਣੀ ਕਮੇਟੀ ਨੇ ਜੋ 'ਰਹਿਤ ਮਰਯਾਦਾ' ਪਾਸ ਕੀਤੀ ਸੀ, ਹੁਣ ਤੀਕ ਉਸ ਦੀਆਂ ੪੮ ਹਜ਼ਾਰ ਕਾਪੀਆਂ ਛਪ ਕੇ ਸੰਗਤਾਂ ਵਿਚ ਜਾ ਚੁਕੀਆਂ ਹਨ। 'ਰਹਿਤ ਮਰਯਾਦਾ' ਦੇ ਸਫਾ ੧੨ ਪਰ ਇਹ ਸ਼ਬਦ ਦਰਜ ਹਨ–

'ਚੌਹਾਂ ਤਖਤਾਂ ਸਰਬਤ ਗੁਰਦਵਾਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ।'

ਇਸੇ ਰਹਿਤ ਮਰਯਾਦਾ ਦੇ ਸਫਾ ੧੬ ਪਰ 'ਗੁਰਦੁਆਰੇ' ਦੇ ਸਿਰਲੇਖ ਹੇਠਾਂ ਅੰਕ (ਟ) ਵਿਚ ਲਿਖਿਆ ਹੈ–

'ਤਖ਼ਤ ਚਾਰ ਹਨ–੧. ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ। ੨. ਤਖ਼ਤ ਸ੍ਰੀ ਪਟਨਾ ਸਾਹਿਬ। ੩. ਸ੍ਰੀ ਕੇਸਗੜ੍ਹ ਅਨੰਦ ਪੁਰ ਸਾਹਿਬ। ੪. ਸ੍ਰੀ ਹਜ਼ੂਰ ਸਾਹਿਬ ਨਾਦੇੜ।'

ਸ਼ਰੋਮਣੀ ਕਮੇਟੀ ਦੀ ਰਹਿਤ ਮਰਯਾਦਾ ਵਿਚ ਚੌਹਾਂ ਤਖ਼ਤਾਂ ਦੀ ਸਪਸ਼ਟ ਪੋਜ਼ੀਸ਼ਨ ਹੁੰਦਿਆਂ ਗਿਆਨੀ ਗੁਰਦਿਤ ਸਿੰਘ ਦਾ ਦਮਦਮੇ ਸਾਹਿਬ ਨੂੰ ਚੌਥਾ ਤਖਤ ਦਸਣਾ ਤੇ ਹਜ਼ੂਰ ਸਾਹਿਬ ਨੂੰ ਤਖ਼ਤ ਮੰਨਣ ਤੋਂ ਇਨਕਾਰ ਕਰਨਾ ਭਾਰੀ ਮਨਮਤ ਤੇ ਪੰਥਕ ਜਥੇਬੰਦੀ ਨੂੰ ਕਮਜ਼ੋਰ ਕਰਨ ਦਾ ਘੋਰ ਅਪਰਾਧ ਹੈ। ਇਸ ਨੂੰ ਪੰਥ ਕਦੀ ਬਰਦਾਸ਼ਤ ਨਹੀਂ ਕਰੇਗਾ। ਅਸੀਂ ਗਿਆਨੀ ਗੁਰਦਿਤ ਸਿੰਘ ਨੂੰ ਚੈਲੰਜ ਕਰਦੇ ਹਾਂ ਕਿ ਉਹ ਸ਼ਰੋਮਣੀ



Digitized by Panjab Digital Library | www.panjabdigilib.org

ਕਮੇਟੀ, ਅਕਾਲੀ ਦਲ, ਚੀਫ ਖਾਲਸਾ ਦੀਵਾਨ ਜਾਂ ਕਿਸੇ ਸਿਖ ਜਥੇਬੰਦੀ ਪਾਸੋਂ 'ਹਜ਼ੂਰ ਸਾਹਿਬ ਤਖਤ ਨਹੀਂ'' ਦੀ ਪੁਸ਼ਟੀ ਕਰਵਾ ਕੇ ਦਸਣ।

ਗੁਰਦੁਆਰਾ ਗਜ਼ਟ ਵਿਚ ਛਪੀ ਰਪੋਰਟ ਦੇ ਸਫਾ ੧੧ ਪਰ ਸਿਰਲੇਖ ਹੈ-'ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਕੀ ਨੂੰ ਪੰਜਵਾਂ ਤਖਤ ਕਰਾਰ ਦੇਣ ਸੰਬੰਧੀ ਰਪੋਰਟ,ਇਸ ਬਾਰੇ ਸਿਖ ਸੰਗਤਾਂ ਆਪਣੀਆਂ ਰਾਵਾਂ ਭੇਜਣ' ਤੇ ਵਿਚ ਲਿਖਿਆ ਹੋਵੇ ਦਮਦਮਾ ਸਾਹਿਬ ਚੌਥਾ ਤਖਤ ਹੈ, ਆਪਾ-ਵਿਰੋਧੀ ਤੇ ਹਾਸੋਹੀਣੀ ਗਲ ਹੈ । ਸ਼ਰੋਮਣੀ ਕਮੇਟੀ ਦੀ ਰਹਿਤ ਮਰਯਾਦਾ ਦੀ ਅਰਦਾਸ ਵਿਚ ੪ ਤਖਤ ਹੋਣ ਤੇ ਉਨ੍ਹਾਂ ਚੋਹਾਂ ਦੇ ਨਾਂ ਸਪਸ਼ਟ ਦਿਤੇ ਹੋਣ ਤੇ ਗਿਆਨੀ ਗੁਰਦਿਤ ਸਿੰਘ ਜੀ ਲਿਖਣ 'ਅਰਦਾਸ ਵਿਚ ਸੰਬੰਧਤ ਚੋਹਾਂ ਤਖ਼ਤਾਂ ਦੇ ਨਾਮ ਨਹੀਂ ਦਿਤੇ ਹੋਏ' ਇਸ ਤੋਂ ਵਧ ਕੇ ਛਲ ਕਪਟ ਤੇ ਝੂਠ ਹੋ ਨਹੀਂ ਸਕਦਾ।

ਇਸ ਰਪੋਰਟ ਵਿਚ ਇਕ ਥਾਂ ਸ. ਸੰਤ ਸਿੰਘ ਚੀਫ ਖਾਲਸਾ ਦੀਵਾਨ ਦਾ ਨਾਂ ਵੀ ਵਰਤਿਆ ਹੈ। ਪਰ ਚੀਫ ਖਾਲਸਾ ਦੀਵਾਨ ਨੇ ਦਮਦਮੇ ਸਾਹਿਬ ਨੂੰ ਤਖਤ ਕਰਾਰ ਦੇਣ ਵਿਰੁਧ ਦੋ ਮਤੇ ਪਾਸ ਕੀਤੇ। ਖ਼ਾਲਸਾ ਸਮਾਚਾਰ ਨੇ ਲਿਖਿਆ-'ਕਿਸੇ ਧੜੇ ਜਾਂ ਇਲਾਕੇ ਦੀ ਰਾਇ ਦੇ ਅਧੀਨ ਕੋਈ ਗਲ ਐਸੀ ਨਹੀਂ ਕਰਨੀ ਚਾਹੀਦੀ ਜੋ ਸਾਡੇ ਇਤਿਹਾਸ ਤੇ ਰਵਾਇਤਾਂ ਤੋਂ ਸਿਧ ਨਾ ਹੋਵੇ।'

੧੩ ਨਵੰਬਰ ੧੯੬੩ ਦੇ ਕੌਮੀ ਦਰਦ ਵਿਚ ਸੰਤ ਫਤਹਿ ਸਿੰਘ ਵਲੋਂ ਇਹ ਛਪਿਆ-'ਤਖਤ ਦਮਦਮਾ ਸਾਹਿਬ ਵਿਚ ਸੰਗਤਾਂ ਦੀ ਮੰਗ ਅਨੁਸਾਰ ਤਖਤਾਂ ਵਾਲੀ ਮਰਯਾਦਾ ਕਾਇਮ ਕਰ ਦਿਤੀ ਗਈ ਹੈ। ਸੰਤ ਹਰਿਚੰਦ ਸਿੰਘ ਨੂੰ ਸਿੰਘ ਸਾਹਿਬ ਥਾਪਿਆ ਗਿਆ ਹੈ।' ਫਿਰ ਦੋ ਸਾਲ ਬਾਹਦ ਰਪੋਰਟ ਦੇ ਪੰਜ ਛੇ ਹਜ਼ਾਰ ਰੁਪਏ ਬਰਬਾਦ ਕਰਨ ਤੇ ਰਾਵਾਂ ਲੈਣ ਦੀ ਕੀ ਲੋੜ ਸੀ ? ਗਿ: ਗੁਰਦਿਤ ਸਿੰਘ ਜੀ ਦੀ ਰਪੋਰਟ ਇਕ ਪੱਖੀ, ਇਕ ਪੁਰਖੀ, ਤਖ਼ਤਾਂ ਦੇ ਸਤਕਾਰ ਨੂੰ ਘਟ ਕਰਨ ਤੇ ਪੰਥ ਵਿਚ ਫੁਟ ਪਾਉਣ ਵਾਲੀ ਹੈ।

----



Digitized by Panjab Digital Library | www.panjabdigilib.org

# ੬.

# ਮੁਖੀਆਂ ਦੇ ਬਿਆਨ

ਪ੍ਰੋਫੈਸਰ ਸਤਬੀਰ ਸਿੰਘ ਐਮ ਏ.—

ਕੁਝ ਸਾਲਾਂ ਤੋਂ ਗੁ: ਦਮਦਮਾ ਸਾਹਿਬ (ਸਾਬੋਕੀ ਤਲਵੰਡੀ) ਨੂੰ ਤਖਤ ਬਨਾਉਣ ਦੀ ਜੋ ਚਰਚਾ ਚਲ ਰਹੀ ਹੈ, ਉਸ ਬਾਰੇ ਸ਼ਰੋਮਣੀ ਗੁ: ਪ੍ਰ: ਕਮੇਟੀ ਨੇ ਦੋ ਮੈਂਬਰਾਂ ਦੀ ਇਕ ਪੜਤਾਲੀਆ ਕਮੇਟੀ ਬਣਾਈ, ਜਿਸਦੇ ਇਕ ਮੈਂਬਰ ਗਿ: ਗੁਰਦਿਤ ਸਿੰਘ ਤੇ ਦੂਜਾ ਮੈਂਬਰ ਮੈਂ ਸੀ। ਅਸੀਂ ਦੋਵੇਂ ਲਗਾਤਾਰ ਡੇਢ ਸਾਲ ਕਈ ਥਾਵਾਂ ਤੇ ਇਕਠੇ ਅਤੇ ਕਈ ਥਾਵਾਂ ਉਤੇ ਵਖੋ ਵਖ ਜਾਂਦੇ ਰਹੇ। ਜੋ ਮਸਾਲਾ ਅਸੀਂ ਦੋਹਾਂ ਨੇ ਇਕਠਾ ਕੀਤਾ, ਸ਼ਰੋਮਣੀ ਕਮੇਟੀ ਦੇ ਫੈਸਲੇ ਅਨੁਸਾਰ ਸਾਨੂੰ ਦੋਹਾਂ ਨੂੰ ਇਕਠੇ ਬੈਠ ਕੇ ਉਸ ਦੀ ਛਾਣ ਬੀਣ ਕਰਨੀ ਚਾਹੀਦੀ ਸੀ। ਸਾਨੂੰ ਕਾਫੀ ਮਸਾਲਾ—ਜਿਵੇਂ ਕਿ ਤਖਤ ਪਟਨਾ ਸਾਹਿਬ, ਹਜ਼ੂਰ ਸਾਹਿਬ ਤੇ ਕੇਸ ਗੜ੍ਹ ਸੰਬੰਧੀ ਹਰਦਵਾਰ ਦੇ ਪਾਂਡਿਆਂ ਦੀਆਂ ਵਹੀਆਂ ਦੀਆਂ ਲਿਖਤਾਂ ਤੋਂ ਮਿਲਿਆ, ਉਹ ਮੇਰੇ ਪਾਸ ਮੌਜੂਦ ਹੈ ਅਤੇ ਜਿਸ ਦੀ ਪੜਤਾਲ ਅਸਾਂ ਦੋਹਾਂ ਨੇ ਰਲ ਕੇ ਕਰਨੀ ਸੀ। ਪਰ ਮੈਨੂੰ ਬੜੀ ਹੈਰਾਨੀ ਹੋਈ, ਜਦ ਕਿ ਗੁਰਦਵਾਰਾ ਗਜ਼ਟ ਨਵੰਬਰ ੧੯੬੫ ਵਿਚ ਗਿ: ਗੁਰਦਿਤ ਸਿੰਘ ਦੀ ਇਕ ਪੱਖੀ ਅਤੇ ਇਕ ਖੁਰਖੀ ਰਪੋਰਟ ਪ੍ਰਕਾਸ਼ਤ ਕੀਤੀ ਗਈ।

ਤਖਤਾਂ ਬਾਰੇ ਮੈਂ ਬੜਾ ਸਪਸ਼ਟ ਹਾਂ ਕਿ ਤਖਤ ਚਾਰ ਹੀ ਹਨ। ਦਮਦਮੇ ਸਾਹਿਬ ਬਾਰੇ ਪਹਿਲੀ ਵੇਰ ਜੋ ਕਦੀ ਜ਼ਿਕਰ ਆਇਆ ਤਾਂ ਉਹ



Digitized by Panjab Digital Library | www.panjabdigilib.org

ਸੰਨ ੧੮੦੫ ਈ: ਤੋਂ ਬਾਹਦ ਆਇਆ, ਜਦ ਕਿ ਪੰਜਾਬ ਵਿਚ ਮ: ਰਣਜੀਤ ਸਿੰਘ ਨੇ ਆਪਣਾ ਰਾਜ ਕਾਇਮ ਕਰ ਲਿਆ ਸੀ।

ਸੰਨ ੧੮੦੯ ਈ: ਵਿਚ ਸਤਲੁਜੋਂ ਪਾਰ ਦੀਆਂ ਸਿਖ ਰਿਆਸਤਾਂ ਨੇ ਅੰਗਰੇਜ਼ਾਂ ਨਾਲ ਸੰਧੀ ਕਰ ਲਈ ਤਾਂ ਉਨ੍ਹਾਂ ਨੂੰ ਧਾਰਮਿਕ ਪ੍ਰਵਾਨਗੀ (Sanction) ਦੀ ਲੋੜ ਪਈ। ਉਸ ਸਮੇਂ ਦਮਦਮੇ ਸਾਹਿਬ (ਸਾਬੋਕੀ ਤਲਵੰਡੀ) ਦਾ ਨਾਂ ਪਹਿਲੀ ਵੇਰ 'ਤਖ਼ਤ' ਵਰਤਿਆ ਗਿਆ। ਜਿਸ ਵਹੀ ਤੇ ਪਟੇ ਦਾ ਹਵਾਲਾ ਦਮਦਮੇ ਸਾਹਿਬ ਨੂੰ ਤਖਤ ਸਾਬਤ ਕਰਨ ਲਈ ਦਿਤਾ ਜਾ ਰਿਹਾ ਹੈ, ਉਹ ਸੰਮਤ ੧੮੭੧ ਬਿ: ਦੀ ਹੈ।

ਬਾਕੀ ਹਰ ਤਖਤ ਦਾ ਆਪਣਾ ਇਤਿਹਾਸ, ਰਵਾਇਤਾਂ ਅਤੇ ਮਰਯਾਦਾ ਹਨ।

ਮੇਰੀ ਨਿਸਚਤ ਰਾਇ ਹੈ ਕਿ ਖਾਲਸਾ ਪੰਥ ਦੇ ਤਖਤ ਚਾਰ ਹੀ ਹਨ—ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ, ਸ੍ਰੀ ਕੇਸ ਗੜ੍ਹ ਆਨੰਦ ਪੁਰ ਸਾਹਿਬ, ਪਟਨਾ ਸਾਹਿਬ ਅਤੇ ਸ੍ਰੀ ਹਜ਼ੂਰ ਸਾਹਿਬ (ਨਾਦੇੜ)।

ਇਸ ਬਾਰੇ ਇਹ ਵੀ ਤਹਿ ਹੋਇਆ ਸੀ ਕਿ ਦਮਦਮੇ ਸਾਹਿਬ ਬਾਰੇ ਕੋਈ ਫੈਸਲਾ ਕਰਨ ਤੋਂ ਪਹਿਲਾਂ ਸਮੁਚੇ ਪੰਥ ਦਾ ਇਕ ਇਕਠ ਸਦਿਆ ਜਾਵੇਗਾ। ਸਾਡੀ ਰਪੋਰਟ ਨੂੰ ਕਿਸੇ ਤਰਾਂ ਵੀ ਪ੍ਰਕਾਸ਼ਤ ਨਹੀਂ ਕੀਤਾ ਜਾਵੇਗਾ।

ਮੈਂ ਸਮੂੰਹ ਪੰਥਕ ਜਥੇਬੰਦੀਆਂ ਅਤੇ ਵਿਦਵਾਨਾਂ ਪਾਸ ਅਪੀਲ ਕਰਦਾ ਹਾਂ ਕਿ ਉਹ ਗਿ: ਗੁਰਦਿਤ ਸਿੰਘ ਦੀ ਇਕ ਪੱਖੀ ਅਤੇ ਇਕ ਪੁਰਖੀ ਰਪੋਰਟ ਨੂੰ ਵੰਗਾਰੇ ਬਿਨਾ (Unchallenged) ਨਾ ਜਾਣ ਦੇਣ।

ਸਮੂੰਹ ਪੰਥਕ ਸੰਸਥਾਵਾਂ ਅਤੇ ਵਿਦਵਾਨਾਂ ਦਾ ਇਕ ਇਕਠ ਬੁਲਾ ਕੇ ਇਸ ਬਾਰੇ ਨਿਰਣਾ ਕਰਨਾ ਚਾਹੀਦਾ ਹੈ।

੬-੬-੬੬ (ਦਸਤਖਤ) ਸਤਬੀਰ ਸਿੰਘ ਪਰੋਫੈਸਰ ਕਾਨ੍ਹ ਪੁਰ

(ਵੇਖੋ ਗਿ. ਅੰਮ੍ਰਿਤ ਜੁਲਾਈ ੧੯੬੬)

ਜਥੇਦਾਰ ਤੇਜਾ ਸਿੰਘ ਅਕਰਪੁਰੀ—

ਮੈਂ ਸੰਨ ੧੯੨੧ ਤੋਂ ਲੈ ਕੇ ੧੯੩੦ ਤੀਕ ਸ੍ਰੀ ਅਕਾਲ ਤਖਤ



Digitized by Panjab Digital Library | www.panjabdigilib.org

ਸਾਹਿਬ ਦਾ ਜਥੇਦਾਰ ਰਿਹਾ ਹਾਂ । ਇਸ ਅਰਸੇ ਵਿਚੋਂ ਸੰਨ ੧੯੨੩ ਤੋਂ ੧੯੨੬ ਤੀਕ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪਹਿਲੇ ਜਥੇ ਨਾਲ ਅਕਾਲੀ ਲੀਡਰ ਸਾਜ਼ਸ਼ ਕੇਸ ਵਿਸ ਲਾਹੌਰ ਕਿਲੇ ਵਿਚ ਵੀ ਰਿਹਾ ਹਾਂ ।

ਮੇਰੀ ਰਾਇ ਹੈ ਕਿ ਖਾਲਸਾ ਪੰਥ ਦੇ ਚਾਰ ਹੀ ਤਖਤ ਹਨ—ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ, ਸ੍ਰੀ ਕੇਸ ਗੜ੍ਹ ਆਨੰਦ ਪੁਰ ਸਾਹਿਬ, ਪਟਨਾ ਸਾਹਿਬ ਤੇ ਸਚਖੰਡ ਸ੍ਰੀ ਹਜ਼ੂਰ ਸਾਹਿਬ (ਨਾਦੇੜ)।ਕਿਸੇ ਨਵੇਂ ਤਖਤ ਚਰਚਾ ਕਰਨੀ ਸੰਗਤਾਂ ਦੀ ਤਵਜੋ ਹੋਰ ਪਾਸੇ ਕਰਨੀ ਹੈ । ਇਹ ਬਿਲਕੁਲ ਵਾਧੂ ਤੇ ਬੇਲੋੜਵੀਂ ਹੈ। ਇਸ ਨਾਲ ਪੰਥ ਵਿਚ ਧੜੇਬੰਦੀ ਤੇ ਇਲਾਕੇਬੰਦੀ ਹੋਣ ਦਾ ਡਰ ਹੈ । ਪੰਥ ਵਿਚ ਇਹ ਵਿਤਕਰਾ ਨਹੀਂ ਪੈਣ ਦੇਣਾ ਚਾਹੀਦਾ ।

(ਜਥੇਦਾਰ) ਤੇਜਾ ਸਿੰਘ ਅਕਰਪੁਰੀ

ਗਿ. ਗੁਰਮੁਖ ਸਿੰਘ ਮੁਸਾਫਰ—

ਮੈਂ ਸੰਨ ੧੯੩੦—੩੧ ਵਿਚ ਸ੍ਰੀ ਅਕਾਲ ਤਖਤ ਦਾ ਜਥੇਦਾਰ ਰਿਹਾ ਹਾਂ। ਮੇਰੀ ਪੱਕੀ ਰਾਇ ਹੈ ਕਿ ਖਾਲਸਾ ਪੰਥ ਦੇ ਚਾਰ ਹੀ ਤਖਤ ਹਨ ।

ਗੁਰਮੁਖ ਸਿੰਘ ਮੁਸਾਫਰ (ਐਮ. ਪੀ.)

ਜਥੇਦਾਰ ਮੋਹਨ ਸਿੰਘ ਨਾਗੋਕੇ—

ਮੈਂ ਲਗ ਪਗ ੧੯ ਸਾਲ ਸ੍ਰੀ ਅਕਾਲ ਤਖਤ ਸਾਹਿਬ ਦਾ ਮੀਤ ਜਥੇਦਾਰ ਅਤੇ ਜਥਦਾਰ ਦੀ ਸੇਵਾ ਕੀਤੀ ਹੈ । ਗੁਰਦਵਾਰਿਆਂ ਵਿਚ ਅੱਡੋ ਅਡ ਕਿਸਮ ਦੀ ਮਰਯਾਦਾ ਪ੍ਰਚਲਤ ਸੀ । ਮੈਂ ਆਪਣੇ ਵਕਤ ਵਿਚ ਵਿਚਾਰ ਕੀਤੀ ਕਿ ਸ਼ਰੋਮਣੀ ਕਮੇਟੀ ਨੂੰ ਸਮੂੰਹ ਗੁਰਦਵਾਰਿਆਂ ਦੀ ਮਰਯਾਦਾ ਇਕੋ ਕਰਨੀ ਚਾਹੀਦੀ ਹੈ । ਇਸ ਸਬੰਧ ਵਿਚ ਮੈਂ ਸਿਖ ਸੰਪ੍ਰਦਾਵਾਂ ਦੇ ਆਗੂਆਂ, ਵਡੇ ਵਡੇ ਗੁਰ ਅਸਥਾਨਾਂ, ਤਖਤ ਸ੍ਰੀ ਕੇਸ ਗੜ੍ਹ ਸਾਹਿਬ, ਤਖਤ ਸ੍ਰੀ ਪਟਨਾ ਸਾਹਿਬ, ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕਾਂ ਨਾਲ ਵਿਚਾਰ ਵਟਾਂਦਰਾ ਕੀਤਾ । ਮੈਨੂੰ ਇਕ ਦੋ ਵਾਰੀ ਇਸ ਬਾਰੇ ਕਈ ਕਈ ਦਿਨ ਹਜ਼ੂਰ ਸਾਹਿਬ ਜਾ ਕੇ ਰਹਿਣਾ ਪਿਆ । ਇਸ ਸਾਰੀ ਵਿਚਾਰ ਵਿਚ ਕਦੀ ਵੀ ਕਿਸੇ ਨੇ ਖਿਆਲ ਨਹੀਂ ਦਿਤਾ ਕਿ ਤਖਤ



Digitized by Panjab Digital Library | www.panjabdigilib.org

ਚਾਰ ਦੀ ਬਜਾਏ ਪੰਜ ਹਨ, ਸਿਵਾਏ ਨਿਹੰਗ ਸਿੰਘਾਂ ਦੇ ਜੋ ਆਪਣੇ ਹਲਵੇ ਵਹੀਰ ਨੂੰ ਪੰਜਵਾਂ ਤਖ਼ਤ ਕਹਿੰਦੇ ਹਨ।

ਇਹ ਸਾਰੀ ਵਿਚਾਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ ਦੇ ਪੇਸ਼ ਕੀਤੀ ਗਈ। ਉਸ ਦੀ ਪ੍ਰਵਾਨਗੀ ਉਪਰੰਤ ਸ਼ਰੋਮਣੀ ਕਮੇਟੀ ਦੀ ਮਨਜ਼ੂਰੀ ਨਾਲ ਰਹਿਤ ਮਰਯਾਦਾ ਬਣਾਈ ਗਈ, ਜਿਸ ਵਿਚ ਤਖ਼ਤ ਸਾਹਿਬਾਨ ਦੀ ਗਿਣਤੀ ਚਾਰ ਹੀ ਦਰਜ ਹੈ। ਸ਼ਰੋਮਣੀ ਕਮੇਟੀ ਦੀ ਰਹਿਤ ਮਰਯਾਦਾ ਬਨਾਉਣ ਵਿਚ ਪ੍ਰਸਿਧ ਵਿਦਵਾਨ ਸਵਰਗੀ ਪਰਿੰਸੀਪਲ ਤੇਜਾ ਸਿੰਘ ਐਮ. ਏ. ਨੇ ਸਭ ਤੋਂ ਵਧ ਮਦਦ ਕੀਤੀ। ਉਸ ਰਹਿਤ ਮਰਯਾਦਾ ਨੂੰ ਲਾਗੂ ਹੋਇਆਂ ਕਈ ਸਾਲ ਹੋ ਗਏ ਹਨ।

ਮੇਰੀ ਰਾਇ ਹੈ ਕਿ ਸਿਖੀ ਵਿਚ ਜਿਤਨੀਆਂ ਵੀ ਪ੍ਰਚਲਤ ਮਨੌਤਾਂ ਹਨ, ਜੋ ਗੁਰਬਾਣੀ ਦੇ ਆਸ਼ੇ ਦੇ ਵਿਰੁਧ ਨਾ ਹੋਣ, ਖੋਜ ਕਰਨ ਵਾਲਿਆਂ ਨੂੰ ਆਪਣਾ ਸਾਰਾ ਜ਼ੋਰ ਉਨ੍ਹਾਂ ਦੀ ਪਰੋੜ੍ਹਤਾ ਲਈ ਲਾਉਣਾ ਚਾਹੀਦਾ ਹੈ। ਸੰਗਤਾਂ ਨੂੰ ਖੰਡਨ ਮੰਡਨ ਦੇ ਝਮੇਲੇ ਵਿਚ ਨਹੀਂ ਪਾਉਣਾ ਚਾਹੀਦਾ। ਮੇਰੀ ਰਾਇ ਹੈ ਕਿ ਤਖਤ ਚਾਰ ਹੀ ਹਨ।

੨੯-੩-੬੬ (ਜਥੇਦਾਰ) ਮੋਹਨ ਸਿੰਘ ਨਾਗੋਕੇ

## ਜਥੇਦਾਰ ਅਛਰ ਸਿੰਘ ਜੀ—

ਮੈਂ ਜੈਤੋ ਦੇ ਮੋਰਚੇ ਸਮੇਂ ੧੯੨੪ ਵਿਚ ਪਹਿਲੀ ਵੇਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਸੇਵਾ ਕਰਦਾ ਰਿਹਾ ਹਾਂ। ਉਸ ਤੋਂ ਉਪਰੰਤ ਸੰਨ ੧੯੫੫ ਤੋਂ ੧੯੬੨ ਤਕ ਦੂਜੀ ਵੇਰ ਜਥੇਦਾਰ ਰਿਹਾ ਹਾਂ। ਮੇਰੀ ਰਾਇ ਹੈ ਕਿ ਖਾਲਸਾ ਪੰਥ ਦੇ ਚਾਰ ਤਖਤ ਸਾਹਿਬ ਹਨ—ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ, ਕੇਸ ਗੜ੍ਹ ਸਾਹਿਬ ਆਨੰਦਪੁਰ ਸਾਹਿਬ, ਪਟਨਾ ਸਾਹਿਬ ਅਤੇ ਸਚਖੰਡ ਸ੍ਰੀ ਹਜ਼ੂਰ ਸਾਹਿਬ ਨਦੇੜ। ਹੋਰ ਕਿਸੇ ਇਤਹਾਸਕ ਅਸਥਾਨ ਨੂੰ ਤਖਤ ਕਰਾਰ ਦੇਣਾ ਸਿਖ ਧਰਮ



B-1282

Digitized by Panjab Digital Library | www.panjabdigilib.org

ਦੀਆਂ ਪ੍ਰਾਚੀਨ ਰਵਾਇਤਾਂ ਅਤੇ ਇਤਿਹਾਸਕ ਮਨੌਤਾਂ ਦੇ ਉਲਟ ਹੈ।ਇਸ ਲਈ ਚਾਰ ਤਖਤਾਂ ਦੀ ਪਰੰਪਰਾ ਨੂੰ ਕਾਇਮ ਰਖਣਾ ਹੀ ਦਰੁਸਤ ਹੈ। (ਜਥੇਦਾਰ ਅਛਰ ਸਿੰਘ

ਚੀਫ ਖਾਲਸਾ ਦੀਵਾਨ ਦੀ ਕਾਰਜ ਸਾਧਕ ਕਮੇਟੀ ਦਾ ੨੬-੧੨-੬੫ ਦਾ ਇਕ ਗੁਰਮਤਾ-

'ਗੁ: ਸ੍ਰੀ ਦਮਦਮਾ ਸਾਹਿਬ (ਸਾਬੋਕੀ ਤਲਵੰਡੀ) ਨੂੰ ਪੰਜਵਾਂ ਤਖਤ ਕਰਾਰ ਦੇਣ ਸੰਬੰਧੀ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਗੁਰਦੁਆਰਾਗਜ਼ਟ ਮਹੀਨਾ ਨਵੰਬਰ ਵਿਚ ਸਬ ਕਮੇਟੀ ਦੀ ਛਪੀ ਰੀਪੋਰਟ ਤੇ ਵੀਚਾਰ ਹੋਈ। ਡਾ: ਤਾਰਨ ਸਿੰਘ ਜੀ ਵਲੋਂ ਇਸ ਸਬੰਧੀ ਮੰਗਵਾਈ ਗਈ ਰੀਪੋਰਟ ਵੀ ਵੀਚਾਰੀ ਗਈ। ਦੀਰਘ ਵੀਚਾਰ ਉਪਰੰਤ ਪਾਸ ਹੋਇਆ ਕਿ ਗੁਰ: ਗਜ਼ਟ ਦੀ ਰੀਪੋਰਟ ਕੇਵਲ ਇਕ ਸਜਨ ਦੀ ਤੇ ਇਕਤਰਫਾ ਹੈ, ਦੀਵਾਨ ਦੀ ਇਸ ਨਾਲ ਤਸੱਲੀ ਨਹੀਂ ਹੋਈ।ਇਸ ਲਈ ਦੀਵਾਨ ਦਾ ਵੀਚਾਰ ਹੈ ਕਿ ਕੇਵਲ ਇਸ ਰੀਪੋਰਟ ਵਿਚਦਿਤੇ ਗਏ ਮਸਾਲੇ ਦੇ ਆਧਾਰ ਤੇ ਗੁ: ਸ੍ਰੀ ਦਮਦਮਾ ਸਾਹਿਬ ਨੂੰ ਪੰਜਵਾਂ ਤਖਤ ਕਰਾਰ ਨਹੀਂ ਦਿਤਾ ਜਾ ਸਕਦਾ। ਇਸ ਨਾਲ ਸਿਖ ਰਵਾਇਤਾਂ ਅਤੇ ਸਿਖੀ ਵਿਸ਼ਵਾਸ ਨੂੰ ਧਕਾ ਲਗੇਗਾ। ਜੇ ਅਜਿਹੇ ਸਿਖ ਰਵਾਇਤਾਂ ਵਿਰੁਧ ਫੈਸਲੇ ਨਾ ਤਸਲੀ ਬਖਸ਼ ਮਸਾਲੇ ਦੇ ਅਧਾਰ ਤੇ ਕੀਤੇ ਜਾਣ ਲਗੇ ਤਾਂ ਇਸ ਦੇ ਬੜੇ ਭਿਆਨਕ ਨਤੀਜੇ ਨਿਕਲ ਸਕਦੇ ਹਨ।'

ਦਰਬਾਰ ਪ੍ਰਿੰਟਿੰਗ ਪ੍ਰੈਸ, ਘੰਟਾ ਘਰ, ਅੰਮ੍ਰਿਤਸਰ।
ਪ੍ਰਿੰਟਰ-ਗਿਆਨੀ ਪ੍ਰਤਾਪ ਸਿੰਘ।

Digitized by Panjab Digital Library | www.panjabdigilib.org

ਗਿ: ਪ੍ਰਤਾਪ ਸਿੰਘ ਐਡੀਟਰ ਗਿਆਨ ਅੰਮ੍ਰਿਤ ਲਿਖਤ

# * ਪੜ੍ਹਨ ਯੋਗ ਪੁਸਤਕਾਂ *

| | | |
|---|---|---|
| ੧. | ਗੁਰਮਤਿ ਲੈਕਚਰ (ਜੀਵਨ ਦਸ ਗੁਰੂ ਸਾਹਿਬਾਨ) | ੫॥) |
| ੨. | ਇਤਿਹਾਸਕ ਲੈਕਚਰ (ਦੂਜੀ ਐਡੀਸ਼ਨ) | ੬) |
| ੩. | ਸੰਸਾਰ ਦਾ ਧਾਰਮਿਕ ਇਤਿਹਾਸ | ੫॥) |
| ੪. | ਗੁਰਮਤਿ ਫ਼ਿਲਾਸਫ਼ੀ (ਤੀਜੀ ਐਡੀਸ਼ਨ) | ੭॥) |
| ੫. | ਭਗਤ ਦਰਸ਼ਨ (ਦੂਜੀ ਐਡੀਸ਼ਨ) | ੩) |
| ੬. | ਅਕਾਲੀ ਲਹਿਰ ਦਾ ਇਤਿਹਾਸ | ੬) |
| ੭. | ਕੁਦਰਤ ਦੇ ਚਮਤਕਾਰ | ੨॥) |
| ੮. | ਸਾਡਾ ਦੇਸ਼ ਤੇ ਉਸ ਦੀਆਂ ਸਮਸਿਆਵਾਂ | ੩) |
| ੯. | ਪਾਕਿਸਤਾਨੀ ਘਲੂ ਘਾਰਾ | ੪।) |
| ੧੦. | ਜੀਵਨ ਸੰਤ ਬਾਬਾ ਬੀਰ ਸਿੰਘ | ੨॥) |
| ੧੧. | ਜੀਵਨ ਸੰਤ ਬਾਬਾ ਖ਼ੁਦਾ ਸਿੰਘ | ੨॥) |

ਗਿਆਨੀ ਪ੍ਰਤਾਪ ਸਿੰਘ ਦੀ ਐਡੀਟਰੀ ਹੇਠ
ਪੰਜਾਬੀ ਦਾ ਸ਼ਰੋਮਣੀ ਮਾਸਕ ਪਤ੍ਰ

## 'ਗਿਆਨ ਅੰਮ੍ਰਿਤ'

ਪਿਛਲੇ ਗਿਆਰਾਂ ਸਾਲਾਂ ਤੋਂ ਬੜੀ ਸਫਲਤਾ ਨਾਲ ਚਲ ਰਿਹਾ ਹੈ।
ਇਸ ਦਾ ਚੰਦਾ ਦੇਸ ਲਈ ੭) ਤੇ ਪ੍ਰਦੇਸਾਂ ਲਈ ੧੦) ਰੁਪਏ ਹੈ।
ਅਜ ਹੀ ਆਪਣਾ ਆਰਡਰ ਭੇਜ ਦਿਓ।

ਮੰਗਾਉਣ ਦਾ ਪਤਾ—

## ਗਿਆਨ ਅੰਮ੍ਰਿਤ ਪੁਸਤਕਮਾਲਾ

ਚੌਕ ਟਾਹਲੀ ਵਾਲਾ, ਸਰਵਰ ਪੁਰਾ, ਅੰਮ੍ਰਿਤਸਰ


Digitized by Panjab Digital Library | www.panjabdigilib.org